# ਸਮਤਾ

ਮਾਰਚ 1983 (ਅੰਕ 34)

ਸੰਪਾਦਕ: ਗੁਰਸ਼ਰਨ ਸਿੰਘ (1929-2011)

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੁਲਵਿੰਦਰ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

ਮਾਰਚ 1983
ਮੁੱਲ—ਦੋ ਰੁਪਏ
34

## ਸੰਪਾਦਕੀ–ਇਕ ਲੋਕ ਪੱਖੀ ਪਾਰਟੀ ਦਾ ਮੈਨੀਫੈਸਟੋ

**ਸ**ਥਾਪਤ ਰਾਜਸੀ ਪਾਰਟੀਆਂ ਦੀ ਭਾਰਤ ਦੇ ਲੋਕਾਂ ਨੂੰ ਚੰਗੀ ਜ਼ਿੰਦਗੀ ਦੇਣ ਦੀ ਜਾਂ ਚੰਗੀ ਜ਼ਿੰਦਗੀ ਲਈ ਸੰਘਰਸ਼ਾਂ ਨੂੰ ਸਹੀ ਸੇਧ ਦੇਣ ਦੀ ਨਾਕਾਮਯਾਬੀ ਨੇ ਇਕ ਲੋਕਪੱਖੀ ਪਾਰਟੀ ਦੀ ਸਥਾਪਨਾ ਏਜੰਡਾ ਤੇ ਲੈ ਆਂਦੀ ਹੈ। ਇਕ ਲੋਕਪੱਖੀ ਪਾਰਟੀ ਦੀ ਕਾਇਮੀ ਜ਼ਰੂਰੀ ਹੋ ਗਈ ਹੈ, ਜਿਸਦੇ ਆਲੇ ਦੁਆਲੇ ਲੋਕਪੱਖੀ ਲੋਕ ਲਾਮਬੰਦ ਹੋ ਸਕਨ ਤੇ ਸਮਾਜਕ ਨਿਆਂ ਨੂੰ ਜਿੱਤ ਸਕਨ। ਮਨੁੱਖ ਦਾ ਇਤਿਹਾਸ ਦਸਦਾ ਹੈ ਕਿ ਸਮੇਂ ਸਮੇਂ ਕੁਝ ਆਗੂਆਂ ਨੇ ਸਮੇਂ ਦੀ ਨਬਜ਼ ਪਛਾਣਦਿਆਂ ਹੋਇਆਂ ਬੜੇ ਸਾਦੇ ਅਤੇ ਸਪੱਸ਼ਟ ਨਿਸ਼ਾਨੇ ਦਸਦਿਆਂ ਹੋਇਆਂ ਲੋਕਾਂ ਨੂੰ ਲਾਮਬੰਦ ਕੀਤਾ ਅਤੇ ਮਨੁੱਖ ਦੇ ਸਮਾਜਕ ਵਿਕਾਸ ਵਿਚ ਇਕ ਇਤਹਾਸਕ ਰੋਲ ਨਿਭਾਇਆ। ਈਸਾ ਮਸੀਹ ਦੇ 'ਦਸ ਸੁਨੈਹਰੀ ਅਸੂਲ' (Ten Commandments) ਜਾਂ ਕਾਰਲ ਮਾਰਕਸ ਦਾ ਕਮਿਊਨਿਸਟ ਮੈਨੀਫੈਸਟੋ ਐਸੇ ਦਸਤਾਵੇਜ਼ ਗਿਣਾਏ ਜਾ ਸਕਦੇ ਹਨ। ਦਸ ਸੁਨੈਹਰੀ ਅਸੂਲਾਂ ਪਿਛੈ ਜੇ ਆਧਾਰ ਬਾਈਬਲ ਦਾ ਗਰੰਥ ਸੀ ਤਾਂ ਮਾਰਕਸ ਦੇ ਮੈਨੀਫੈਸਟੋ ਪਿਛੇ ਅਧਾਰ "ਦੀ ਕੈਪੀਟਲ" ਦਾ ਗਰੰਥ ਸੀ ਪਰ ਇਹ ਅਸੂਲ ਜਾਂ ਮੈਨੀਫੈਸਟੋ ਬੜੇ ਸਰਲ ਤਰੀਕੇ ਨਾਲ ਲੋਕਾਂ ਤਕ ਪੁਚਾਏ ਗਏ ਤਾਂ ਜੋ ਸਾਧਾਰਨ ਲੋਕਾਂ ਨੂੰ ਸਮਝ ਆਂ ਸਕਨ ਤੇ ਉਹ ਅਪਣੀ ਤਕਦੀਰ ਨੂੰ ਬਦਲਨ ਵਿਚ ਯਤਨਸ਼ੀਲ ਹੋ ਸਕਨ, ਇਸੇ ਸੋਚ ਨੂੰ ਮੁੱਖ ਰੱਖ ਕੇ ਇਕ ਲੋਕਪੱਖੀ ਪਾਰਟੀ ਦਾ ਮੈਨੀਫੈਸਟੋ ਬੜੇ ਸਾਦੇ ਅਤੇ ਸਪੱਸ਼ਟ ਖਰੜੇ ਦੇ ਰੂਪ ਵਿਚ ਦਰਜ ਕੀਤਾ ਜਾ ਰਿਹਾ ਹੈ।

ਨਿਸ਼ਾਨਾ

1. ਇਹ ਲੋਕਪੱਖੀ ਪਾਰਟੀ ਜਿਸਦਾ ਨਾ ਲੋਕ ਮੁਕਤੀ ਪਾਰਟੀ ਹੋਵੇਗਾ, ਹਿੰਦੁਸਤਾਨ ਵਿਚ ਐਸਾ ਸਮਾਜ ਉਸਾਰਨਾ ਚਾਹੁੰਦੀ ਹੈ, ਜਿਸ ਵਿਚ ਜਿਥੇ ਅਜ ਦੀ ਸਾਇੰਸ ਨੂੰ ਵਰਤਦਿਆਂ ਹੋਇਆਂ ਸਮਾਜ ਦਾ ਸਰਬਪੱਖੀ ਵਿਕਾਸ ਹੋਵੇਗਾ, ਉਥੇ ਸਮਾਜ ਵਿਚ ਗ਼ਰੀਬ ਅਤੇ ਅਮੀਰ, ਸ਼ਹਿਰ ਅਤੇ ਪਿੰਡ ਦੇ ਲੋਕਾਂ ਦੇ ਜੀਵਨ ਪੱਧਰ ਵਿਚ ਪਾੜਾ ਘੱਟ ਤੋਂ ਘੱਟ ਕੀਤਾ ਜਾਏਗਾ ਅਤੇ ਅੰਤ ਵਿਚ ਇਹ ਪਾੜਾ ਬਿਲਕੁਲ ਮੇਟਨ ਦਾ ਯਤਨ ਕੀਤਾ ਜਾਏਗਾ। ਇਸ ਤਰ੍ਹਾਂ ਮੇਹਨਤਕਸ਼ ਲੋਕਾਂ ਦੀ ਹਰ ਕਿਸਮ ਦੀ ਲੁੱਟਖਸੁੱਟ ਨੂੰ ਖਤਮ ਕਰਨਾ ਇਸ ਪਾਰਟੀ ਦਾ ਨਿਸ਼ਾਨਾ ਹੋਵੇਗਾ।

---

ਇਸ ਅੰਕ ਵਿਚ :

ਸੰਪਾਦਕੀ o ਇਕ ਰੀਪੋਰਟ : ਸਾਡਾ ਵਿਦਿਆ ਸਿਸਟਮ ਤੇ ਅਧਿਆਪਕ।
ਕਹਾਣੀਆਂ—ਮਾਲਕ ਕੌਣ/ਪ੍ਰੋ. ਹਰੀ ਪ੍ਰਕਾਸ਼ ਸ਼ਰਮਾ, ਮੱਕੜੀ ਜਾਲ/ਗੁਰਨਾਮ ਸਿੰਘ, ਪੂਰਾ ਖਿਆਲ/ਮਹਿੰਦਰ ਸਿੰਘ ਸੰਧੂ
ਕਵਿਤਾਵਾਂ—ਦੇਸ਼/ਪ੍ਰਮੋਦ ਸਿਨਹਾ, ਜੰਗ ਜਾਂ ਅਮਨ/ਦਲਬੀਰ ਆਸੀ, ਮਾਂ ਨੂੰ/ਜਗਜੀਤ ਮਾਨਵ, ਸਹਿਗੀਤ/ਧਰਮਪਾਲ ਉਪਾਸ਼ਕ, ਗੀਤ/ਮਨਜੀਤ ਕਾਦਰ, ਕਲਪ ਬ੍ਰਿਛ/ਜਗੀਰ ਸਧਰ, ਗੱਲ/ਪ੍ਰੀਤਮ ਰੁਪਾਲ, ਸਵਾਲ/ਪ੍ਰੀਤਮ ਬੇਲੀ
ਲੇਖ—ਬੰਬਈ ਦੇ ਕਪੜਾ ਮਜ਼ਦੂਰਾਂ ਦਾ ਇਤਿਹਾਸਕ ਘੋਲ—ਦੂਜੇ ਵਰ੍ਹੇ 'ਚ
ਟਿਪਣੀਆਂ—ਪ੍ਰੋ. ਭਾਰਦਵਾਜ ਦੇ ਲੇਖ ਬਾਰੇ/ਹਿੰਮਤ ਸਿੰਘ ਸੋਢੀ ਅਤੇ ਗੁਰਮੇਲ ਸਿੰਘ ਭਰੋਵਾਲ

**ਸਾਧਨ ਤੇ ਹਥਿਆਰ**

2. ਹੋਰਨਾਂ ਕੁਦਰਤ ਦੇਅਮਲਾਂ ਵਾਕੁਨ ਸਮਾਜ ਦਾ ਵਿਕਾਸ ਵਿਸ਼ੇਸ਼ ਅਮਲਾਂ ਅਧੀਨ ਚਲਦਾ ਹੈ, ਜਿਸ ਵਿਚ ਪੈਦਾਵਾਰੀ ਸਾਧਨਾਂ ਦਾ ਵਿਕਾਸ ਮੁੱਖ ਹਿੱਸਾ ਪਾਉਂਦਾ ਹੈ। ਕੁਦਰਤ ਦੇ ਵਰਤਾਰੇ ਨੂੰ ਸਮਝਣ ਲਈ ਜਿਥੇ ਵੱਖ ਵੱਖ ਸਾਇੰਸਾਂ ਦਾ ਗਿਆਨ ਸਾਨੂੰ ਰੋਸ਼ਨੀ ਦੇਂਦਾ ਹੈ, ਉਥੇ ਸਮਾਜ ਦਾ ਵਰਤਾਰਾ ਸਮਝਣ ਲਈ ਮਾਰਕਸਿਜ਼ਮ ਦੀ ਸਾਇੰਸ ਸਾਨੂੰ ਰਾਹ ਦਸਦੀ ਹੈ। ਉਤਲੇ ਦਸੇ ਨਿਸ਼ਾਨੇ ਨੂੰ ਪ੍ਰਾਪਤ ਕਰਨ ਲਈ ਇਸ ਸਾਇੰਸ ਤੋਂ ਰੋਸ਼ਨੀ ਲਈ ਜਾਏਗੀ, ਇਸ ਸਮਾਜਕ ਸਾਇੰਸ ਨੂੰ ਆਲੇ-ਦੁਆਲੇ ਦੀਆਂ ਹਾਲਤਾਂ ਅਨੁਸਾਰ ਰਾਜਨੀਤਕ ਸੰਘਰਸ਼ਾਂ ਲਈ ਸਾਇੰਸੀ ਪਹੁੰਚ ਨਾਲ ਅਪਣਾਇਆ ਜਾਏਗਾ, ਇਸ ਪਹੁੰਚ ਵਿਚ ਅੰਨ੍ਹੀ ਸ਼ਰਧਾ ਜਾਂ ਕੱਟੜਤਾ ਦਾ ਕੋਈ ਅੰਸ਼ ਨਹੀਂ ਹੋਏਗਾ।

**ਪ੍ਰੇਰਨਾ**

3. ਅਪਣੇ ਵਿਰਸੇ ਵਿਚੋਂ ਭਗਵਤ ਗੀਤਾ, ਰਾਮ ਇਨ ਕੁਰਾਨ ਸ਼ਰੀਫ, ਭਗਤ ਨਾਮਦੇਵ ਅਤੇ ਕਬੀਰ ਦੀ ਬਾਣੀ, ਗੁਰੂ ਰਵੀਦਾਸ ਦੀ ਬਾਣੀ, ਗੁਰੂ ਨਾਨਕ ਅਤੇ ਹੋਰ ਗੁਰੂਆਂ ਦੀ ਬਾਣੀ ਸਾਡੇ ਲੋਕਾਂ ਲਈ ਹਮੇਸ਼ਾਂ ਪ੍ਰੇਰਨਾ ਸਰੋਤ ਰਹੀਆਂ ਹਨ। ਉਹਨਾਂ ਵਿਚ ਦਰਸਾਈਆਂ ਮਨੁੱਖੀ ਕਦਰਾਂ ਕੀਮਤਾਂ ਨੂੰ ਅਪਣਾਉਂਦੇ ਹੋਏ ਅਤੇ ਉਤੇ ਦਸੀ ਸਮਾਜਕ ਸਾਇੰਸ ਅਨੁਸਾਰ ਇਸਨੂੰ ਠੀਕ ਪ੍ਰਸੰਗ ਵਿਚ ਸਮਝਦੇ ਹੋਏ ਅਤੇ ਸੰਸਾਰ ਦੇ ਸੰਘਰਸ਼ੀਲ ਲੋਕਾਂ ਦੇ ਇਤਿਹਾਸ ਤੋਂ ਸਿਖਦੇ ਹੋਏ ਇਹ ਪਾਰਟੀ ਅਪਣੇ ਮਿਥੇ ਹੋਏ ਨਿਸ਼ਾਨੇ ਨੂੰ ਪੂਰਾ ਕਰੇਗੀ।

**ਘੱਟ ਗਿਣਤੀ ਦੇ ਲੋਕਾਂ ਦੇ ਸਭਿਆਚਾਰ ਦੀ ਰਖਵਾਲੀ**

4. ਭਾਰਤ ਵਿੱਚ ਵੱਸਦੇ ਹਰ ਸਭਿਆਚਾਰਕ ਗਰੁਪ, ਫਿਰਕੇ ਜਾਂ ਕੌਮ ਨੂੰ ਅਪਣਾ ਅਪਣਾ ਸਭਿਆਚਾਰਕ ਵਿਕਾਸ ਕਰਨ ਦੀਆਂ ਪੂਰੀਆਂ ਸਹੂਲਤਾਂ ਦਿਤੀਆ ਜਾਣਗੀਆਂ ਤੇ ਉਹਨਾਂ ਦੇ ਸਭਿਆਚਾਰ ਦਾ ਸਤਿਕਾਰ ਕੀਤਾ ਜਾਏਗਾ। ਇਹ ਦੇਖਿਆ ਜਾਏਗਾ ਕਿ ਵੱਧ ਗਿਣਤੀ ਵਾਲੇ ਲੋਕ ਅਪਣੀ ਵੱਧ ਗਿਣਤੀ ਰਾਹੀਂ ਹਾਸਿਲ ਕੀਤੀ ਤਾਕਤ ਨੂੰ ਘੱਟ ਗਿਣਤੀ ਦੇ ਲੋਕਾਂ ਦੇ ਸਭਿਆਚਾਰ ਦੇ ਵਿਕਾਸ ਵਿਚ ਰੁਕਾਵਟ ਪਾਉਣ ਵਾਸਤੇ ਨਾਂ ਇਸਤੇਮਾਲ ਕਰਨ। ਘੱਟ ਗਿਣਤੀ ਦੇ ਲੋਕਾਂ ਦੇ ਹਿੱਤਾਂ ਦੀ ਵਿਸ਼ੇਸ਼ ਰਖਵਾਲੀ ਕੀਤੀ ਜਾਏਗੀ, 'ਦੇਸ਼ ਦੀ ਏਕਤਾ' ਜਾਂ 'ਨੈਸ਼ਨਲਿਜ਼ਮ' ਦੇ ਦੰਭੀ ਸ਼ਬਦਾਂ ਰਾਹੀਂ ਉਹਨਾਂ ਦਾ ਸ਼ੋਸ਼ਨ ਨਹੀਂ ਹੋਣ ਦਿਤਾ ਜਾਏਗਾ।

**ਪੈਦਾਵਾਰੀ ਸਾਧਨਾਂ ਦੀ ਕੌਮੀ ਮਲਕੀਅਤ**

5. ਸਾਇੰਸ ਦੀ ਵੀਹਵੀਂ ਸਦੀ ਵਿਚ ਹੋਈ ਤਰੱਕੀ ਇਹ ਮੰਗ ਕਰਦੀ ਹੈ ਕਿ ਇਸਦਾ ਲਾਭ ਵੱਧ ਤੋਂ ਵੱਧ ਲੋਕਾਂ ਨੂੰ ਪੁਚਾਣ ਲਈ ਪੈਦਾਵਾਰੀ ਜਾਂ ਉਤਪਾਦਨ ਸਾਧਨਾਂ ਦੀ ਸਮਾਜਕ ਮਲਕੀਅਤ (Social Ownership) ਹੋਵੇ। ਇਸ ਲਈ ਆਰਥਕ ਫਰੰਟ ਤੇ ਕੌਮੀਕਰਨ (Nationalisation) ਇਸ ਪਾਰਟੀ ਦਾ ਵਡਾ ਸਾਧਨ ਹੋਵੇਗਾ। ਪਰ ਕੌਮੀਕਰਨ ਤੋਂ ਇਹ ਮਤਲਬ ਨਹੀਂ ਲਿਆ ਜਾਏਗਾ ਕਿ ਕਿਉਂਕਿ ਪ੍ਰਾਈਵੇਟ ਮੁਨਾਫੇ ਦੀ ਗੁੰਜਾਇਸ਼ ਨਹੀਂ, ਇਸ ਕਰਕੇ ਕੌਮੀਕਰਨ ਹੋਏ ਅਦਾਰੇ ਘਾਟੇ ਜਾਂ ਨਾਲਾਇਕੀ ਨਾਲ ਚਲਾਏ ਜਾਣ। ਕੰਮਪਿਊਟਰ ਸਾਂਇਸ ਦੀ ਸਹਾਇਤਾ ਨਾਲ ਹਰ ਅਦਾਰੇ ਦੇ ਨਿਸ਼ਾਨੇ ਮਿਥੇ ਜਾ ਸਕਦੇ ਹਨ। ਇਹ ਮਿਥੇ ਹੋਏ ਨਿਸ਼ਾਨੇ ਦੀ ਪ੍ਰਾਪਤੀ ਜੇਕਰ ਨਾਂ ਹੋਵੇ ਤਾਂ ਸਬੰਧਤ ਅਧਿਕਾਰੀਆਂ ਨੂੰ ਜ਼ਿਮੇਵਾਰ ਠਹਿਰਾਇਆ ਜਾਏਗਾ ਅਤੇ ਉਹਨਾਂ ਨੂੰ ਸਜ਼ਾ ਦਾ ਭਾਗੀ ਬਣਾਇਆ ਜਾਏਗਾ।

**ਭ੍ਰਿਸਟਾਚਾਰੀ ਵਿਰੁਧ ਕਾਨੂੰਨੀ ਕਾਰਵਾਈ**

6. ਸਰਕਾਰੀ ਵਰਤਾਰੇ ਵਿਚ ਬੇਈਮਾਨੀ ਅਤੇ ਭ੍ਰਿਸ਼ਟਾਚਾਰ ਵਿਰੁਧ ਸਖਤੀ ਨਾਲ ਨਿਪਟਿਆ ਜਾਏਗਾ। ਕਾਨੂੰਨ ਵਿਚ ਇਸ ਕਿਸਮ ਦੀਆਂ ਤਬਦੀਲੀਆਂ ਕੀਤੀਆਂ ਜਾਣਗੀਆਂ ਕਿ ਲੋਕ ਕਚੈਹਰੀਆਂ ਕਾਨੂੰਨਚਾਰੇ ਦਾ ਅਹਿਮ ਭਾਗ ਹੋਣ। ਭ੍ਰਿਸ਼ਟਾਚਾਰੀ ਅਧਿਕਾਰੀਆਂ ਉਤੇ ਲੋਕਾਂ ਨੂੰ ਇਲਜ਼ਾਮ ਲਗਾਉਣ ਦਾ ਪੂਰਾ ਹੱਕ ਹੋਵੇਗਾ ਅਤੇ ਇਹ ਇਲਜ਼ਾਮ ਸਾਬਤ ਕਰਨ ਲਈ ਪੂਰਾ ਮੌਕਾ ਦਿਤਾ ਜਾਏਗਾ। ਭ੍ਰਿਸ਼ਟਾਚਾਂਰ ਦਾ ਜੁਰਮ ਸਾਬਤ ਹੋਣ ਤੇ ਸਖ਼ਤ ਤੋਂ ਸਖ਼ਤ ਸਜ਼ਾ ਦਿਤੀ ਜਾਏਗੀ, ਜਿਹੜੀ ਕਈ ਹਾਲਤਾਂ ਵਿਚ ਚੌਂਕ ਵਿਚ ਖੜੇ ਕਰਕੇ ਗੋਲੀ ਮਾਰਨ ਤਕ ਵੀ ਹੋ ਸਕਦੀ ਹੈ। ਇਹ ਕਾਨੂੰਨ ਪੁਲਸ ਦੇ ਕਰਮਚਾਰੀਆਂ ਲਈ ਵਿਸ਼ੇਸ਼ ਤੌਰ ਤੇ ਸਖਤ ਹੋਵੇਗਾ। ਭ੍ਰਿਸ਼ਟਾਚਾਰ-ਰਹਿਤ ਪੁਲਸ ਹੀ ਲੋਕਾਂ ਦੀ ਅਤੇ ਕਾਨੂੰਨ ਦੀ ਸਹੀ ਰਖਵਾਲੀ ਕਰ ਸਕਦੀ ਹੈ। ਭ੍ਰਿਸ਼ਟਾਚਾਰ ਜਿਹੜਾ ਅਜ ਦੀਆਂ ਹਾਲਤਾਂ ਵਿਚ ਪੁਲਸ ਜੱਬਰ ਦੀ ਜੜ੍ਹ ਹੈ. ਸਖਤੀ ਨਾਲ ਖਤਮ ਕੀਤਾ ਜਾਵੇਗਾ।

7. ਸਰਕਾਰ ਚਲਾਉਣ ਲਈ ਅਸੈਂਬਲੀ ਜਾਂ ਪਾਰਲੀਮੈਂਟ ਦੇ ਮੈਂਬਰ ਚੁਣਨ ਦਾ ਮੌਜੂਦਾ ਸਿਸਟਮ ਬਿਲਕੁਲ ਨਾਕਸ ਸਾਬਤ ਹੋ ਚੁੱਕਾ ਹੈ ਤੇ ਇਹ ਨਿਰੋਲ ਧੰਨ ਦੀ ਖੇਡ ਬਣ ਚੁਕਿਆ ਹੈ। ਇਹ ਚੋਣਾਂ ਵਿਚ ਵਰਤਿਆ ਹੋਇਆ ਧੰਨ ਹੀ ਸਮਾਜ ਵਿਚ ਭ੍ਰਿਸ਼ਟਾਚਾਰ ਫੈਲਾਉਣ ਦਾ ਮੁੱਖ ਜ਼ਿਮੇਵਾਰ ਹੈ।

ਇਸ ਧੰਨ ਦੀ ਖੇਡ ਨੂੰ ਖਤਮ ਕੀਤੇ ਬਗੈਰ ਲੋਕਾਂ ਦੇ ਸਹੀ ਨੁਮਾਇੰਦਿਆਂ ਦੀ ਚੋਣ ਨਹੀਂ ਹੋ ਸਕਦੀ। ਅਲੈਕਸ਼ਨ ਕਾਨੂੰਨ ਵਿਚ ਇਹੋ ਜਿਹੀ ਸੋਧ ਕੀਤੀ ਜਾਏਗੀ ਕਿ ਕੋਈ ਵੀ ਉਮੀਦਵਾਰ ਆਪਣੇ ਪ੍ਰਾਈਵੇਟ ਸਾਧਨਾਂ ਨਾਲ ਕੋਈ ਪ੍ਰਚਾਰ ਨਾਂ ਕਰ ਸਕੇ। ਹਰ ਹਲਕੇ ਵਿਚ ਸਰਕਾਰ ਵਲੋਂ ਵੱਖ ਵੱਖ ਥਾਵਾਂ ਤੇ ਸਾਂਝੇ ਜਲਸਿਆਂ ਦਾ ਇੰਤਜ਼ਾਮ ਕੀਤਾ ਜਾਏਗਾ ਉਥੇ ਹਰ ਉਮੀਦਵਾਰ ਆਪਣਾ ਪੱਖ ਦਸੇਗਾ। ਲੋਕਾਂ ਨੂੰ ਮੌਕਾ ਦਿਤਾ ਜਾਏਗਾ ਕਿ ਉਹ ਚੰਗੇ ਇਖ਼ਲਾਕ ਵਾਲੇ ਅਤੇ ਯੋਗ ਉਮੀਦਵਾਰਾਂ ਨੂੰ ਆਪਣਾ ਨੁਮਾਇੰਦਾ ਚੁਣ ਸਕਣ। ਉਮੀਦਵਾਰਾਂ ਦੀ ਗਿਣਤੀ ਨੂੰ ਥੋੜਾ ਰਖਣ ਲਈ ਸਕਿਊਰਿਟੀ ਦੀ ਰਕਮ ਨੂੰ ਵਧਾਇਆ ਜਾਏਗਾ ਤਾਂ ਜੋ ਉਹੀ ਉਮੀਦਵਾਰ ਖੜਾ ਹੋਣ ਦਾ ਹੌਸਲਾ ਕਰੇ ਜਿਸਨੂੰ ਇਹ ਯਕੀਨ ਹੈ ਕਿ ਉਹ ਘੱਟ ਤੋਂ ਘੱਟ ਕੁਝ ਲੋਕਾਂ ਦਾ ਵਿਸ਼ਵਾਸਪਾਤਰ ਜ਼ਰੂਰ ਹੋ ਸਕਦਾ ਹੈ।

**ਚੋਣਾਂ ਦਾ ਨਾਕਸ ਸਿਸਟਮ**

**ਜੰਗ ਤੇ ਅਮਨ ਦਾ ਮਸਲਾ ਅਤੇ ਬਦੇਸ਼ ਨੀਤੀ**

8. ਮਾਰੂ ਹਥਿਆਰਾਂ ਦਾ ਵਿਕਾਸ ਸੰਸਾਰ ਭਰ ਦੇ ਲੋਕਾਂ ਲਈ ਇਕ ਮਹਾਨ ਖਤਰਾ ਬਣ ਚੁਕਿਆ ਹੈ, ਸੰਸਾਰ ਭਰ ਦੇ ਲੋਕ 'ਅਮਨ' 'ਅਮਨ' ਦੀ ਪੁਕਾਰ ਕਰ ਰਹੇ ਹਨ। ਇਹਨਾਂ ਲੋਕਾਂ ਦੀ ਆਵਾਜ਼ ਨਾਲ ਇਕਸਾਰਤਾ ਦਸਦੇ ਹੋਏ ਸੰਸਾਰ ਭਰਦੇ ਜੰਗਬਾਜ਼ਾਂ ਵਿਰੁਧ ਆਵਾਜ਼ ਉਠਾਈ ਜਾਏਗੀ। ਇਹ ਜੰਗਬਾਜ਼ ਸਿਰਫ ਵਡੀਆਂ ਤਾਕਤਾਂ ਨਹੀਂ ਹਨ। ਇਹ ਜੰਗਬਾਜ਼ ਭਾਰਤ ਵਿਚ ਵੀ ਹਨ ਤੇ ਪਾਕਿਸਤਾਨ ਵਿਚ ਹਨ ਤੇ ਹੋਰਨਾਂ ਮੁਲਕਾਂ ਵਿਚ ਵੀ ਸਾਸ਼ਨ ਸਾਂਭੀ ਬੈਠੇ ਹਨ। ਇਹ ਆਪਣੇ ਆਪ ਨੂੰ ਤਾਕਤ ਵਿਚ ਰਖਣ ਲਈ ਆਪਣੇ ਗਵਾਂਢੀਆਂ ਬਾਰੇ ਆਪਣੇ ਲੋਕਾਂ ਨੂੰ ਗੁੰਮਰਾਹ ਕਰਦੇ ਹਨ ਅਤੇ ਜੰਗ ਦਾ ਵਾਤਾਵਰਨ ਉਸਾਰਦੇ ਹਨ। ਇਹਨਾਂ ਨੂੰ ਨਸ਼ਰ ਕੀਤਾ ਜਾਂਦਾ ਹੈ। ਗਵਾਂਢੀ ਮੁਲਕਾਂ ਦਰਮਿਆਨ ਅਮਨ ਸੰਧੀਆਂ ਅਤੇ ਦੁਨੀਆਂ ਭਰ ਦੇ ਅਮਨ ਪਸੰਦ ਲੋਕਾਂ ਨਾਲ ਇਕਸਾਰਤਾ ਲੋਕ ਪੱਖੀ ਪਾਰਟੀ ਦੀ ਨੀਤੀ ਹੋਵੇਗੀ। ਦੇਸ਼ ਭਗਤੀ ਦੇ ਨਾਂ ਥਲੇ ਜੋ ਕੌਮੀ ਤੰਗਨਜ਼ਰੀ ਪਰਚਾਰੀ ਜਾਂਦੀ ਹੈ, ਪਾਰਟੀ ਉਸਦੀ ਵਿਰੋਧਤਾ ਕਰੇਗੀ। ਕਿਸੇ ਹੀ ਇਕ ਮੁਲਕ ਵਿਚ ਦੂਜੇ ਮੁਲਕ ਦੀਆਂ ਫੌਜਾਂ ਦੀ ਮੌਜੂਦਗੀ ਸੰਸਾਰ ਅਮਨ ਲਈ ਖਤਰਾ ਮੰਨੀ ਜਾਏਗੀ ਤੇ ਇਹ ਨਿਰਨਾ ਨਿਰਪਖਤਾ ਨਾਲ ਲਿਆ ਜਾਏਗਾ। ਗੁੱਟ ਨਿਰਲੇਪਤਾ ਅਪਣਾਈ ਜਾਏਗੀ ਤੇ ਦੂਜੇ ਮੁਲਕਾਂ ਦੀਆਂ ਅੰਦਰਲੀਆਂ ਪਾਲਸੀਆਂ ਵਿਚ ਦਖਲਅੰਦਾਜ਼ੀ ਤੋਂ ਗਰੇਜ਼ ਕੀਤਾ ਜਾਏਗਾ ਪਰ ਗੁੱਟ ਨਿਰਲੇਪਤਾ ਤੋਂ ਇਹ ਭਾਵ ਨਹੀਂ ਲਿਆ ਜਾਏਗਾ ਕਿ ਬੁਰੇ ਨੂੰ ਬੁਰਾ ਕਹਿਣ ਦੀ ਜੁਰਅਤ ਨਹੀਂ ਜਾਂ ਜ਼ਰੂਰਤ ਨਹੀਂ। ਸੰਸਾਰ ਭਰ ਦੇ ਅਮਨ ਪਸੰਦ ਲੋਕਾਂ ਨਾਲ ਯਕਜਹਿਤਾ ਇਹ ਮੰਗ ਕਰਦੀ ਹੈ ਕਿ ਸੰਸਾਰ ਭਰ ਵਿਚ ਕਿਸੇ ਵੀ ਕੌਮ ਵਲੋਂ ਕਿਸੇ ਹੋਰ ਕੌਮ ਤੇ ਜ਼ਿਆਦਤੀ ਨੂੰ ਨਿਰਪੱਖ ਹੋ ਕੇ ਨਿਖੇੜਿਆ ਜਾਏ। ਤੇ ਪਾਰਟੀ ਇਹ ਕਰਨ ਲਈ ਵਚਨਬੰਧ ਹੋਵੇਗੀ।

**ਲੋਕਾਂ ਦੀ ਸ਼ਮੂਲੀਅਤ**

9. ਲੋਕਾਂ ਨੂੰ ਆਪਣੇ ਮਾਮਲੇ ਨਜਿਠਣ ਜਾਂ ਆਪਣੇ ਮਾਮਲਿਆਂ ਦਾ ਬੰਦੋਬਸਤ ਕਰਨ ਵਿਚ ਵੱਧ ਤੋਂ ਵੱਧ ਸਹੂਲਤਾਂ ਦਿਤੀਆਂ ਜਾਣਗੀਆਂ। ਸ਼ਹਿਰ ਵਿਚ ਮਹੱਲਾ ਜਾਂ ਇਲਾਕਾ ਕਮੇਟੀਆਂ ਅਤੇ ਪਿੰਡਾਂ ਵਿਚ ਪੰਚਾਇਤਾ ਨੂੰ ਵਧ ਤੋਂ ਵਧ ਇਖਤਿਆਰ ਦਿਤੇ ਜਾਣਗੇ। ਉਹਨਾਂ ਨੂੰ ਆਪਣੇ ਆਪਣੇ ਇਲਾਕਿਆਂ ਅਤੇ ਪਿੰਡਾਂ ਵਿਚ ਵਿਕਾਸ ਦੀਆਂ ਸਾਰੀਆਂ ਸਕੀਮਾਂ ਦਾ ਪੂਰਾ ਭਾਈਵਾਲ ਬਣਾਇਆ ਜਾਵੇਗਾ। ਫੰਡਾਂ ਦੀ ਵਰਤੋਂ ਉਹਨਾਂ ਦੇ ਰਾਹੀਂ ਜਾਂ ਉਹਨਾਂ ਦੀ ਨਿਗਰਾਨੀ ਵਿਚ ਕੀਤੀ ਜਾਏਗੀ। ਹਰ ਸਾਲ ਸਰਕਾਰ ਵਲੋਂ ਅਲਾਟ ਕੀਤੇ ਫੰਡ ਦਾ ਬਕਾਇਦਾ ਹਿਸਾਬ ਹਰ ਤਿੰਨਾਂ ਮਹੀਨੇ ਹੱਥ ਲਿਖਤ ਇਸ਼ਤਿਹਾਰ ਦੀ ਸ਼ਕਲ ਵਿਚ ਇਕ ਖਾਸ ਥਾਂ ਤੇ ਲਗਾਇਆ ਜਾਵੇਗਾ ਤਾਂ ਕਿ ਲੋਕਾਂ ਨੂੰ ਪੂਰੀ ਖਬਰ ਰਹੇ। ਕਿੰਤੂ ਕਰਨ ਵਾਲਿਆਂ ਨੂੰ ਮੌਕਾ ਦਿਤਾ ਜਾਵੇਗਾ ਕਿ ਉਹ ਕਿਸੇ ਕਿਸਮ ਦੀ ਘਪਲਾਬਾਜ਼ੀ ਜਾਂ ਬੇਈਮਾਨੀ ਵਿਰੁਧ ਕਹਿ ਸਕਣ। ਪਬਲਿਕ ਵਲੋਂ ਇਹ ਨਿਗਰਾਨੀ ਇਸ ਗੱਲ ਦੀ ਗਰੰਟੀ ਹੋਵੇਗੀ ਕਿ ਸਰਕਾਰੀ ਫੰਡ ਠੀਕ ਥਾਵਾਂ ਤੇ ਵਰਤੇ ਗਏ ਹਨ।

**ਵਿਦਿਆ ਸਿਸਟਮ**

10. ਵਿਦਿਆ ਸਿਸਟਮ ਮਨੁੱਖ ਅਤੇ ਸਮਾਜ ਦੇ ਵਿਕਾਸ ਵਿਚ ਇਕ ਅਹਿਮ ਹਿੱਸਾ ਪਾਂਦਾ ਹੈ। ਸਮਾਜ ਵਿਚ ਵਿਤਕਰਿਆਂ ਨੂੰ ਮੁਕਾਉਣ ਦਾ ਬੁਨਿਆਦੀ ਕਦਮ ਇਹ ਹੈ ਕਿ ਵਿਦਿਆ ਪ੍ਰਦਾਨ ਦੇ ਸਾਧਨਾਂ ਨੂੰ ਸਾਰਿਆਂ ਲਈ ਖੁਲ੍ਹਾ ਅਤੇ ਸਾਰਿਆਂ ਲਈ ਬਰਾਬਰ ਕੀਤਾ ਜਾਏ। ਇਸ ਮੰਤਵ ਲਈ ਜਿਥੇ ਬਜਟ ਦਾ ਵੱਧ ਤੋਂ ਵੱਧ ਹਿਸਾ ਵਿਦਿਆ ਲਈ ਰਖ ਕੇ ਵਿਦਿਆ ਦਾ ਸਟੈਂਡਰਡ ਉੱਚਾ

ਚੁਕਿਆ ਜਾਵੇਗਾ, ਉਥੇ ਇਹ ਵੇਖਿਆ ਜਾਵੇਗਾ ਕਿ ਵਿਸ਼ੇਸ਼ ਲੋਕਾਂ ਲਈ ਚਲਾਏ ਗਏ ਪਬਲਿਕ ਸਕੂਲ ਇਕਦਮ ਬੰਦ ਕੀਤੇ ਜਾਣ। ਵਿਤਕਰੇ ਨੂੰ ਮੁਕਾਉਣ ਲਈ ਮੁੰਡੇ ਕੁੜੀਆਂ ਨੂੰ ਇਕੋ ਜਹੀ ਵਿਦਿਆ ਦਿਤੀ ਜਾਏਗੀ ਤਾਂ ਜੋ ਇਸਤਰੀ ਸਮਾਜ ਵਿਚ ਬਰਾਬਰ ਦੀ ਸਤਿਕਾਰ ਵਾਲੀ ਥਾਂ ਲੈ ਸਕੇ। ਪਬਲਿਕ ਸੇਵਾ ਦੇ ਹੋਰ ਅਦਾਰੇ ਜਿਸ ਵਿਚ ਹਸਪਤਾਲ ਆਦਿਕ ਆਂਦੇ ਹਨ, ਉਹਨਾਂ ਬਾਰੇ ਵੀ ਇਹੀ ਪਹੁੰਚ ਅਪਣਾਈ ਜਾਏਗੀ। ਇਹ ਵੇਖਿਆ ਜਾਵੇਗਾ ਕਿ ਉਹਨਾਂ ਵਿਚ ਸੇਵਾ ਦਾ ਸਟੈਂਡਰਡ ਉੱਚੇ ਤੋਂ ਉੱਚਾ ਹੋਵੇ ਅਤੇ ਉਹ ਇਤਨਾਂ ਵਧਾਇਆ ਜਾਏ ਕਿ ਸਾਰਿਆਂ ਲਈ ਕਾਫੀ ਅਤੇ ਇਕੋ ਜਿਹਾ ਹੋਵੇ।

**ਇਕ ਅਪੀਲ** ਉਤਲੇ ਨਿਸ਼ਾਨਿਆਂ ਨੂੰ ਪੂਰਾ ਕਰਨ ਲਈ ਸਿਰ ਜੋੜ ਕੇ ਬੈਠਿਆ ਜਾਏ, ਫੈਸਲੇ ਲਏ ਜਾਣ ਅਤੇ ਇਕ ਅਨੁਸ਼ਾਸਨ ਵਾਲੀ ਪਾਰਟੀ ਥਲੇ ਸਮਾਜਿਕ, ਸਭਿਆਚਾਰਕ ਅਤੇ ਰਾਜਨੀਤਕ ਕੰਮ ਕੀਤਾ ਜਾਏ। ਪਾਰਟੀ ਤੋਂ ਬਾਹਰ ਇਕ ਪਾਸੇ ਉਹਨਾਂ ਸਾਰੇ ਸੰਘਰਸ਼ਾਂ ਦਾ ਸਮਰਥਨ ਕੀਤਾ ਜਾਏ ਜਿਹਨਾਂ ਰਾਹੀਂ ਪਛੜੇ ਹੋਏ ਲੋਕ ਆਪਣੀ ਤਕਦੀਰ ਬਦਲਨ ਲਈ ਸ਼ਾਂਤਮਈ ਅਤੇ ਹਥਿਆਰਬੰਦ ਘੋਲਾਂ ਰਾਹੀਂ ਯਤਨਸ਼ੀਲ ਹਨ। ਦੂਜੇ ਪਾਸੇ ਉਹਨਾਂ ਅੰਦੋਲਨਾਂ ਤੋਂ ਲੋਕਾਂ ਨੂੰ ਖ਼ਬਰਦਾਰ ਕੀਤਾ ਜਾਏ ਜਿਹੜੇ ਸਮੁੱਚੇ ਲੋਕਾਂ ਵਿਚ ਆਪਸੀ ਦੁਫੇੜ ਪਾਂਦੇ ਹਨ। ਲੋਕਾਂ ਦੀ ਏਕਤਾ ਨੂੰ ਕਾਇਮ ਕਰਦੇ ਹੋਏ ਇਕ ਨਿਆਂਸ਼ੀਲ ਸਮਾਜ ਬਨਾਉਣ ਲਈ ਇਹ ਇਕ ਪਾਰਟੀ ਦਾ ਮੈਨੀਫੈਸਟੋ ਸਾਰੇ ਲੋਕਾਂ ਦੇ ਵਿਚਾਰ ਲਈ ਦਿਤਾ ਜਾ ਰਿਹਾ ਹੈ।

—ਗੁਰਸ਼ਰਨ ਸਿੰਘ

---


## ਪੰਜਾਬ ਲੋਕ ਸਭਿਆਚਾਰ ਮੰਚ ਵਲੋਂ

ਮਾਰਚ 1983 ਵਿਚ

### ਦੋ ਵੱਡੇ ਸਮਾਗਮ

**6. 3. 83 (ਐਤਵਾਰ) ਲਹਿਰਾ ਗਾਗਾ**

ਦੁਪਹਿਰ ਇਕ ਵਜੇ ਤੋਂ ਲੈ ਕੇ ਰਾਤ ਦੋ ਵਜੇ ਤਕ

ਗੋਸ਼ਟੀ, ਕਵੀ ਦਰਬਾਰ, ਗੀਤ ਸੰਗੀਤ ਅਤੇ ਨਾਟਕਾਂ ਦਾ ਪ੍ਰੋਗਰਾਮ।

**20. 3. 83 (ਐਤਵਾਰ) ਛਾਂਦੜਾ (ਲੁਧਿਆਣਾ ਸਮਰਾਲਾ ਸੜਕ ਤੇ)**

**ਮੰਚ ਦਾ ਸਥਾਪਨਾ ਦਿਵਸ**

ਗੋਸ਼ਟੀ, ਕਵੀ ਦਰਬਾਰ, ਸੰਗੀਤ ਅਤੇ ਨਾਟਕਾਂ ਦਾ ਪ੍ਰੋਗਰਾਮ।

ਨੋਟ : **27. 2. 83** ਕੋਟ ਕਪੂਰਾ ਵਿਖੇ ਹੋਏ ਸਫ਼ਲ ਸਮਾਗਮ ਦੀ ਰੀਪੋਰਟ ਅਗਲੇ ਅੰਕ ਵਿਚ ਦਿਤੀ ਜਾਏਗੀ।

---

## ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਲੋਂ ਨਵੀਆਂ ਕਿਤਾਬਾਂ

ਪ੍ਰੋ. ਭਾਰਦਵਾਜ ਦੇ ਲੇਖਾਂ ਦਾ ਦੂਜਾ ਸੰਗ੍ਰਹਿ

**'ਇਹ ਹੈ ਸਾਡਾ ਹਿੰਦੁਸਤਾਨ (2)**

ਜਿਸ ਵਿਚ **ਵਿਦਿਆ** ਦੇ ਸਿਸਟਮ ਬਾਰੇ ਲੇਖ ਹਨ ਕੀਮਤ 2/-

ਪ੍ਰਮਾਤਮਾ ਪਾਰਸ ਦੇ ਗੀਤ **'ਵਿਲਕਦੇ ਬੋਲ'** ਕੀਮਤ 2/-

---

**27 ਮਾਰਚ 1983 ਦਿਨ ਐਤਵਾਰ ਨੂੰ ਪਿੰਡ ਹੰਸਰੋਂ [ਜਲੰਧਰ] ਵਿਖੇ**

## ਸੁਰਖ਼ ਰੇਖਾ ਸੰਮੇਲਨ

**ਪ੍ਰੋਗਰਾਮ :** (1) 'ਸ਼ਹੀਦ ਤੋਂ ਸੁਰਖ਼ ਰੇਖਾ ਦੇ ਸਫਰ' ਸੰਬੰਧੀ ਪੇਪਰ ਪੜ੍ਹਿਆ ਜਾਵੇਗਾ।

(2) ਨਕਸਲਬਾੜੀ ਲਹਿਰ ਦੇ ਸ਼ਹੀਦਾਂ ਦੇ ਪ੍ਰਵਾਰਾਂ ਨੂੰ ਸਨਮਾਨਤ ਕੀਤਾ ਜਾਵੇਗਾ।

(3) ਨਕਸਲਬਾੜੀ ਲਹਿਰ ਦੇ ਸ਼ਹੀਦਾਂ ਦੇ ਪ੍ਰਵਾਰਾਂ ਨਾਲ ਮੁਲਾਕਾਤਾਂ ਦੀ ਕਿਤਾਬ ਜਾਰੀ ਕੀਤੀ ਜਾਵੇਗੀ।

(4) ਰਾਤ ਸਮੇਂ 'ਪੰਜਾਬ ਨਾਟਕ ਕਲਾ ਕੇਂਦਰ' ਇਨਕਲਾਬੀ ਨਾਟਕ ਪੇਸ਼ ਕਰੇਗਾ।

---

**ਗੁਰਚਰਨ ਰਾਮਪੁਰੀ ਦਾ ਕਾਵਿ-ਸੰਗ੍ਰਹਿ "ਕੰਚਨੀ" ਕੀਮਤ : 25 ਰੁਪਏ**

**ਪ੍ਰਕਾਸ਼ਕ : ਨਿਊ ਏਜ ਬੁੱਕ ਸੈਂਟਰ, ਅੰਮ੍ਰਿਤਸਰ**

# ਸਾਡਾ ਵਿਦਿਯਾ ਸਿਸਟਮ ਤੇ ਅਧਿਆਪਕ

ਜਸਵੰਤ ਸਿੰਘ ਕੰਵਲ ਹੋਰਾਂ ਦੀ ਟਰਿਬਿਊਨ ਵਿਚ ਅਧਿਆਪਕਾਂ ਤੇ ਉਹਨਾਂ ਦੀ ਯੂਨੀਅਨ ਦੇ ਆਹੁਦੇਦਾਰਾਂ ਦੇ ਕਿਰਦਾਰ ਬਾਰੇ ਛੱਪੀ ਇਕ ਕਹਾਣੀ ਦੇ ਪ੍ਰਤੀਕਰਮ ਵਜੋਂ ਇਸੇ ਅਖਬਾਰ ਵਿਚ ਅਧਿਆਪਕਾਂ ਦੇ ਸਮਾਜ ਵਿਚ ਰੋਲ ਬਾਰੇ ਕਾਫੀ ਵਾਦਵਿਵਾਦ ਚਲਦਾ ਰਿਹਾ ਹੈ । ਸਮਤਾ 20, 21, 22 ਵਿਚ ਦਸੂਹਾ ਤੋਂ ਲਾਲ ਸਿੰਘ ਹੋਰਾਂ ਦੀ ਕੁਝ ਮੁਲਾਕਾਤਾਂ ਅਤੇ ਮਾਸਟਰ ਹੀਰਾ ਸਿੰਘ ਸੁਰ ਸਿੰਘ ਦੇ ਕੁਝ ਪ੍ਰਭਾਵ ਦਿਤੇ ਗਏ ਸਨ । ਇਹਨਾਂ ਸਾਰੀਆਂ ਲਿਖਤਾਂ ਤੋਂ ਇਕ ਗੱਲ ਉਭਰ ਕੇ ਆਂਦੀ ਸੀ ਕਿ ਸਾਡੇ ਵਿਦਿਯਾ ਸਿਸਟਮ ਵਿਚ ਬੁਨਿਯਾਦੀ ਤਬਦੀਲੀਆਂ ਦੀ ਲੋੜ ਹੈ ਅਤੇ ਇਹ ਤਬਦੀਲੀਆਂ ਕਿਉਂਕਿ ਸਿਸਟਮ ਦੇ ਤਬਦੀਲ ਹੋਣ ਤੇ ਨਿਰਭਰ ਹਨ, ਇਸ ਕਰਕੇ ਮੌਜੂਦਾ ਹਾਲਤਾਂ ਵਿਚ ਕੋਈ ਬੁਨਿਯਾਦੀ ਸੁਧਾਰ ਨਹੀਂ ਹੋ ਸਕਦਾ । ਇਹੀ ਗੱਲ ਬੜੇ ਵਿਸਥਾਰ ਨਾਲ ਟੀਚਰਜ਼ ਯੂਨੀਅਨ ਦੇ ਬੁਲਾਰੇ ਮਾਸਕ ਮੁਲਾਜ਼ਮ ਲਹਿਰ ਅਕਤੂਬਰ 1982 ਵਿਚ ਨਰਿੰਦਰ ਸਿੰਘ ਢਿਲੋਂ (ਗੁਰਦਾਸਪੁਰ) ਦੇ ਇਕ ਲੇਖ ਵਿਚ ਮਿਲਦੀ ਹੈ । ਇਹ ਲੇਖ ਮੂਲ ਰੂਪ ਵਿਚ ਸਾਡੇ ਵਲ ਭੇਜਦੇ ਹੋਏ ਮਾਸਟਰ ਹੀਰਾ ਸਿੰਘ ਸੁਰ ਸਿੰਘ ਨੇ ਟਿਪਣੀ ਕੀਤੀ ਹੈ ਕਿ ਇਸ ਪਹੁੰਚ ਨਾਲ ਮੌਜੂਦਾ ਸਥਿਤੀ ਵਿਚ ਅਧਿਆਪਕ ਆਪਣੇ ਆਪ ਨੂੰ ਆਪਣੀਆਂ ਜ਼ਿੰਮੇਵਾਰੀਆਂ ਤੋਂ ਸੁਰਖ਼ਰੂ ਸਮਝਣ ਲਗ ਪਿਆ ਹੈ—ਜੇਕਰ ਸਿਸਟਮ ਹੀ ਗ਼ਲਤ ਹੈ ਤਾਂ ਉਹ ਕੀ ਭਲਾ ਕਰ ਸਕਦਾ ਹੈ—ਇਸਦਾ ਨੁਕਸਾਨ ਗ਼ਰੀਬ ਬੱਚਿਆਂ ਨੂੰ ਅਤੇ ਖਾਸ ਕਰਕੇ ਪੇਂਡੂ ਗਰੀਬ ਬੱਚਿਆਂ ਨੂੰ, ਜਿਨ੍ਹਾਂ ਕੋਲ ਸਰਕਾਰੀ ਸਕੂਲਾਂ ਵਿਚ ਜਾਣ ਤੋਂ ਸਿਵਾ ਹੋਰ ਕੋਈ ਸਾਧਨ ਨਹੀਂ, ਸਭ ਤੋਂ ਵੱਧ ਹੋ ਰਿਹਾ ਹੈ । ਹੀਰਾ ਸਿੰਘ ਹੋਰਾਂ ਸਵਾਲ ਕੀਤਾ ਹੈ ਕਿ ਇਹ ਸਿਸਟਮ ਬਦਲਨਾ ਕਿਸ ਨੇ ਹੈ ? ਜੇਕਰ ਚੇਤਣ ਅਧਿਆਪਕ ਵਰਗ ਇਸ ਵਿਚ ਆਪਣੀ ਜ਼ਿੰਮੇਵਾਰੀ ਨਹੀਂ ਨਿਭਾਂਦਾ ਤਾਂ ਉਹ ਕਿਸ ਨੇ ਨਿਭਾਣੀ ਹੈ ? ਲੋਕ ਜਾਂ ਬੱਚੇ ਉਸੇ ਅਧਿਆਪਕ ਦੀ ਗੱਲ ਸੁਣਨਗੇ ਜਿਹਨਾਂ ਦਾ ਸਮਾਜ ਵਿਚ ਸਤਕਾਰ ਹੈ ਅਤੇ ਸਤਕਾਰ ਉਨ੍ਹਾਂ ਵਿਯਕਤੀਆਂ ਦਾ ਹੀ ਹੋ ਸਕਦਾ ਹੈ, ਜਿਹੜਾ ਅਪਣੇ ਫਰਜ਼ਾਂ ਨੂੰ ਨਿਭਾਂਦਾ ਦਿਸੇਗਾ, ਇਸ ਪਹੰਚ ਨੂੰ 'ਆਦਰਸ਼ਵਾਦੀ' ਪਹੁੰਚ ਆਖਕੇ ਅਖੋਂ ਪਰੋਖੇ ਨਹੀਂ ਕਰਨਾ ਚਾਹੀਦਾ । ਇਸੇ ਪ੍ਰਸੰਗ ਵਿਚ ਹੀਰਾ ਸਿੰਘ ਹੋਰਾਂ ਨੇ ਫਰਾਂਸ ਵਿਚ ਫਰੇਨੇ ਦੇ ਯਤਨ ਵਲ ਸਾਰੇ ਅਧਿਆਪਕ ਵਰਗ ਦਾ ਧਿਆਨ ਦਿਵਾਇਆ ਹੈ, ਜਿਸ ਬਾਰੇ 'ਇਕ ਚਿੱਠੀ ਪ੍ਰੋਲਤਾਰੀ ਮਾਪਿਆਂ ਦੇ ਨਾਂ' ਇਕ ਇਤਹਾਸਕ ਦਸਤਾਵੇਜ਼ ਸਮਤਾ 32 (ਜਨਵਰੀ 1983) ਵਿਚ ਛਪਿਆ ਹੈ ਇਸ ਲੇਖ ਵਿਚ ਸੇਲੇਸਤੈਂ ਫ਼ਰੇਨੇ ਨੇ ਜੋ ਕਿ ਫਰਾਂਸ ਵਿਚ ਇਕ ਅਧਿਆਪਕ ਸੀ, ਬੁਰਜ਼ੂਆ ਵਿਦਿਯਾ ਸਿਸਟਮ ਦੀ ਚੀਰ ਫਾੜ ਕਰਦਿਆਂ, ਜਿਥੇ ਉਸਨੇ ਉਸਦੇ ਜਮਾਤੀ ਅੰਸ਼ ਨੂੰ ਨੰਗਿਆ ਕੀਤਾ ਅਤੇ ਇਸਨੂੰ ਮੇਹਨਤਕਸ਼ ਗ਼ਰੀਬ ਵਰਗ ਵਿਰੁਧ ਇਕ ਵਡੀ ਸਾਜ਼ਿਸ ਸਾਬਤ ਕੀਤਾ । ਉਥੇ ਉਸਨੇ ਇਹ ਵੀ ਧਾਰਨਾ ਪੇਸ਼ ਕੀਤੀ ਕਿ ਅਸੀਂ ਇਸ ਗੱਲ ਦੀ ਉਡੀਕ ਨਹੀਂ ਕਰ ਸਰਦੇ ਕਿ ਕਦੋਂ ਇਨਕਲਾਬ ਆਵੇ ਤੇ ਕਦੋਂ ਅਸੀਂ ਇਸ ਬੁਰਜੂਆਜ਼ੀ ਦੇ ਗਲੇ ਸੜੇ, ਅਕਾਊ ਤੇ ਜਮਾਤ ਦੁਸ਼ਮਣ ਦੇ ਵਿਦਿਯਾ ਸਿਸਟਮ ਨੂੰ ਖਤਮ ਕਰੀਏ । ਸਾਨੂੰ ਇਨਕਲਾਬ ਦੀ ਤਿਆਰੀ ਵਾਸਤੇ ਵੀ ਪ੍ਰੋਲਤਾਰੀ ਵਿਦਿਯਾ ਸਿਸਟਮ ਦੀ ਲੋੜ ਹੈ । ਉਸ ਨੇ Co-oPerative Institute For The New School ਸੰਸਥਾਂ ਦੀ ਨੀਂਹ ਰਖੀ ਸੀ । ਸਾਨੂੰ ਵੀ ਇਹੋ ਜਿਹੇ ਕੁਝ ਯਤਨ ਦੀ ਲੋੜ ਹੈ । ਹੀਰਾ ਸਿੰਘ ਹੋਰਾਂ ਦੀ ਇਸ ਟਿਪਣੀ ਨੂੰ ਮੁੱਖ ਰਖਕੇ ਅਸੀਂ 'ਸਮਤਾ' ਦੇ ਕਾਲਮਾਂ ਵਿਚ ਇਹ ਸੈਮੀਨਾਰ ਸ਼ੁਰੂ ਕਰ ਰਹੇ ਹਾਂ । ਇਸ ਵਿਚ ਇਸ ਵਾਰ ਦੋ ਲੇਖ ਦੇ ਰਹੇ ਹਾਂ—ਇਕ ਗੁਰਨਾਮ ਸਿੰਘ ਵਲੋਂ ਹੈ ਅਤੇ ਇਕ ਰੀਪੋਰਟ ਦੀ ਸ਼ਕਲ ਵਿਚ ਸੁਖਦੇਵ ਸਿੰਘ ਜਤਰਲ ਸਕੱਤ੍ਰ ਗੌ: ਟੀ. ਯੂ. ਪੰਜਾਬ ਜ਼ਿਲਾ ਬਠਿੰਡਾ ਵਲੋਂ ਹੈ । ਪਹਿਲੇ ਲੇਖ ਵਿਚ ਜਿਥੇ ਅਧਿਆਂਪਕਾਂ ਨੂੰ ਦਰਪੇਸ਼ ਮਸਲਿਆਂ ਬਾਰੇ ਵਿਸਥਾਰ ਨਾਲ ਲਿਖਿਆ ਹੈ, ਦੂਜੇ ਵਿਚ ਉਸ ਸੰਘਰਸ਼ ਦੀ ਦਾਸਤਾਨ ਹੈ, ਜਿਹੜਾ ਅਧਿਆਪਕ ਵਰਗ ਨੇ ਇਸ ਭ੍ਰਿਸ਼ਟਾਚਾਰੀ ਵਿਦਿਆ ਸਿਸਟਮ ਅਤੇ ਉਹਦੀ ਅਫਸਰ ਸ਼ਾਹੀ ਵਿਰੁਧ ਕੀਤਾ ਹੈ । ਅਸੀਂ ਚਾਹਵਾਂਗੇ ਕਿ ਸਾਨੂੰ ਅਧਿਆਪਕ ਵੀਰ ਇਸ ਬਾਰੇ ਲਿਖਣ ਕਿ ਮੌਜੂਦਾ ਸਥਿਤੀ ਵਿਚ ਅਧਿਆਪਕ ਵਰਗ ਆਪਣੇ ਸਾਹਮਣੇ ਕਿਹੜੇ ਕੰਮ ਮਿੱਥਕੇ ਸਮੁੱਚੀ ਜਮਹੂਰੀ ਲਹਿਰ ਵਿਚ ਆਪਣਾ ਹਿੱਸਾ ਪਾ ਸਕਦਾ ਹੈ ਅਤੇ ਇਸ ਗਲੇ ਸੜੇ ਸਿਸਟਮ ਨੂੰ ਬਦਲਨ ਵਿਚ ਸਹਾਈ ਹੋ ਸਕਦਾ ਹੈ ।

ਸੰਪਾਦਕ—

## 1. ਚੌਤਰਫੋਂ ਘਿਰਿਆ ਅਧਿਆਪਕ

o ਗੁਰਨਾਮ ਸਿੰਘ

ਅੱਜ ਜਦੋਂ ਅਧਿਆਪਕ ਦਿਵਸ ਮਨਾਇਆ ਜਾ ਰਿਹਾ ਹੈ ਅਤੇ ਅਧਿਆਪਕ ਉੱਤੇ ਅਨੇਕ ਜ਼ੁੰਮੇਵਾਰੀਆਂ ਦੀ ਗਿੱਲੀ ਪੰਡ ਲੱਦੀ ਜਾ ਰਹੀ ਹੈ ਤੇ ਉਸਨੂੰ ਭਾਸ਼ਨਾਂ ਰਾਹੀਂ ਅਦੇਸ਼ ਦਿਤੇ ਜਾ ਰਹੇ ਹਨ ਕਿ ਉਹ ਪੁੰਘਰ ਰਹੀ ਪੀੜੀ ਨੂੰ, ਉਸ ਦੇ ਫਰਜ਼ਾਂ ਤੋਂ ਚੇਤੰਨ ਕਰੇ । ਇਸ ਦੇ ਨਾਲ ਹੀ ਹਵਾਈ ਡੀਂਗਾਂ ਮਾਰੀਆਂ ਜਾ ਰਹੀਆਂ ਹਨ ਕਿ 'ਉਹ' ਅਧਿਆਪਕ ਦੀ ਬੇਹਤਰੀ ਲਈ ਤਰ੍ਹਾਂ ਤਰ੍ਹਾਂ ਦੀਆਂ ਯੋਜਨਾਵਾਂ ਬਣਾ ਰਹੇ ਹਨ ਤਾਂ ਮੈਂ ਅੱਜ ਦੇ ਅਧਿਆਪਕ ਦੀ ਤਰਸਯੋਗ ਹਾਲਤ ਉੱਤੇ ਕੁਝ ਲਿਖਣ

ਦਾ ਉਪਰਾਲਾ ਕਰ ਰਿਹਾ ਹਾਂ।

'ਅਧਿਆਪਕ ਕੌਮ ਦਾ ਨਿਰਮਾਤਾ ਹੁੰਦਾ ਹੈ।' ਇਸ ਅਖਾਣ ਦੇ ਅੱਜ ਦੋ ਅਰਥ ਹਨ। ਇੱਕ ਸਮਾਜ ਦੇ ਨਿਰਮਾਣ ਵੱਲ ਤੇ ਦੂਜਾ ਇਸ ਦੇ ਗਿਰਾਣ ਵੱਲ ਇਸ਼ਾਰਾ ਕਰਦਾ ਹੈ। ਅਧਿਆਪਕ ਉਸ ਕੌਮ ਨੂੰ ਬਣਾਉਣ ਵਾਲਾ ਵਿਅਕਤੀ ਹੈ ਜੋ ਸਕੂਲ ਵਿੱਚ ਉਸਰਦੀ ਹੈ। ਨਾਲ ਹੀ ਅਧਿਆਪਕ ਇੱਕ ਸਮਾਜਕ ਪ੍ਰਾਣੀ ਹੈ ਜੋ ਆਲੇ ਦੁਆਲੇ ਦੇ ਸਮਾਜ ਵਿੱਚੋਂ ਵਿਚਰਦਾ ਸਮਾਜ ਦੀਆਂ ਪ੍ਰਚਲਤ ਕੀਮਤਾਂ ਨਾਲ ਕਦੀ ਜੁੜਦਾ ਤੇ ਕਦੀ ਟਕਰਾਉਂਦਾ ਚਲਦਾ ਹੈ। 'ਤੇ ਕਦੀ ਇਹਨਾਂ ਕੀਮਤਾਂ ਨੂੰ ਗਲਤ ਸਮਝਦਾ, ਇਹਨਾਂ ਦਾ ਵਿਰੋਧ ਕਰਦਿਆਂ ਨਵੀਆਂ ਲੀਹਾਂ ਪਾਉਣ ਦਾ ਯਤਨ ਕਰਦਾ ਹੈ। ਅਧਿਆਪਕ ਇਕੋ ਸਮੇਂ ਗੁਰੂ ਵੀ ਹੈ ਵਿਦਿਆਰਥੀ ਵੀ। ਇਸ ਤਰ੍ਹਾਂ ਅਧਿਆਪਕ ਨੂੰ ਵਰਤਮਾਨ ਸਮਾਜ ਦੇ ਰਾਜਨੀਤਕ, ਆਰਥਕ, ਸਮਾਜਿਕ ਤੇ ਨੈਤਕ ਢਾਂਚੇ ਵਿੱਚ ਰੱਖ ਕੇ ਪਰਖਿਆ ਜਾਣਾ ਚਾਹੀਦਾ ਹੈ।

ਮੈਂ ਨਿੱਜੀ ਤੌਰ ਤੇ ਇਸ ਗੱਲ ਨਾਲ ਉਕਾ ਸਹਿਮਤ ਨਹੀਂ;ਕਿ ਹਰ ਅਧਿਆਪਕ ਕੌਮ ਦਾ ਨਿਰਮਾਤਾ ਜਾ ਉਸਰੱਈਆ ਹੁੰਦਾ ਹੈ। ਕਿਉਂਕਿ ਇਹ ਕੌਮ ਚੰਗੇ ਨਾਗਰਿਕ, ਸੂਝਵਾਨ ਅਜ਼ਾਦ ਕਿਸਮ ਵਿਅੱਕਤੀ, ਮਨੁੱਖੀ ਕਦਰਾਂ ਕੀਮਤਾਂ ਤੋਂ ਪਰਪੱਕ ਨੈਤਕ ਮਨੁੱਖ ਦਾ ਹੈ। ਜੋ ਬੱਚਿਆਂ ਦਾ ਗੁਰੂ ਵੀ ਹੁੰਦਾ ਹੈ 'ਤੇ ਚੰਗਾ ਸਾਥੀ ਵੀ। ਅਜਿਹਾ ਅਧਿਆਪਕ ਹੀ ਕੌਮ ਨੂੰ ਕੋਈ ਸੇਧ ਦੇ ਸਕਦਾ ਹੈ। ਪਰੰਤੂ ਇਨਸਾਨੀ ਕਦਰਾਂ ਕੀਮਤਾਂ ਤੋਂ ਅਤੇ ਮਨੁੱਖੀ ਅਜ਼ਾਦੀ ਦੀ ਅਸਲ ਸੂਝ ਤੋਂ ਹੀਣਾ ਅਧਿਆਪਕ ਬੱਚਿਆਂ ਦੇ ਵਿਕਾਸ ਨੂੰ ਉੱਨਤ ਰਾਹ 'ਤੇ ਨਹੀਂ ਲਿਜਾਂਦਾ ਸਗੋਂ ਗੁਲਾਮ ਅਤੇ ਭ੍ਰਿਸ਼ਟ ਕਿਸਮ ਦਾ ਵਿਅੱਕਤੀ ਬਣਾਉਣ ਵਿੱਚ ਸਹਾਈ ਹੁੰਦਾ ਹੈ। ਜਿਵੇਂ ਸਮਾਜ ਅਤੇ ਰਾਜ ਦੇ ਗਲਤ ਤੱਤ ਕਰਦੇ ਹਨ।

ਮੈਂ ਇਹ ਸਾਰੀ ਚਰਚਾ ਪੰਜਾਬ ਦੇ ਅਧਿਆਪਕਾਂ ਨੂੰ ਸਨਮੁੱਖ ਰੱਖ ਕੇ ਹੀ ਕਰਾਂਗਾ। ਤੁਸੀਂ ਸਾਰੀਆਂ ਗਿਆਨ ਇੰਦਰੀਆਂ ਖੋਲ੍ਹ ਕੇ ਸਕੂਲਾਂ ਵਿਚ ਡੂੰਘੀ ਝਾਤੀ ਮਾਰੋ। ਜੇ. ਬੀ. ਟੀ. ਤੋਂ ਲੈਕੇ ਲੈਕਚਰ ਕੇਡਰ ਤੱਕ ਕਈ ਕਿਸਮਾਂ ਦੇ ਅਧਿਆਪਕ ਨਜ਼ਰ ਆਉਣਗੇ। ਇਨ੍ਹਾਂ ਵਿਚੋਂ ਇੱਕ ਹਨ ਅਦਰਸ਼ ਅਧਿਆਪਕ ਜੋ ਚਾਹੁੰਦੇ ਹਨ ਬੱਚਿਆਂ ਨੂੰ ਜਿੰਨਾਂ ਵੀ ਹੱਸਕੇ ਜ਼ਿੰਦਗੀ ਦਾ ਪਰਭੂਰ ਗਿਆਨ ਦਿੱਤਾ ਜਾ ਸਕੇ ਤੇ ਵਿਦਿਆਰਥੀ 'ਚ ਵੱਧ ਤੋਂ ਵੱਧ ਮਨੁੱਖੀ ਭਲਾਈ ਵਾਲੀਆਂ ਉੱਚੀਆਂ ਕੀਮਤਾਂ ਭਰੀਆਂ ਜਾ ਸਕਣ। ਦੂਜੀ ਕਿਸਮ ਦੇ ਅਧਿਆਪਕ ਉਹ ਹਰ ਜੋ ਕੁਝ ਕਰਨਾਂ ਵੀ ਚਾਹੁੰਦੇ ਹਨ। ਆਪ ਵੀ ਚੰਗੇ ਹੁੰਦੇ ਹਨ ਪਰੰਤੂ ਆਲੇ ਦੁਆਲੇ ਦੇ ਮਾਨਸਕ ਤੇ ਸਰੀਰਕ ਕਸ਼ਟਾਂ ਤੋਂ ਦੁਖੀ ਹੋ ਕੇ ਨਿਰਾਸ਼ ਹੋ ਕੇ ਜਿਉਂਦੇ ਹਨ। ਗਲਤ ਕਿਸਮ ਦੀਆਂ ਕਦਰਾਂ ਕੀਮਤਾਂ ਨਾਲ ਸਮਝੌਤਾ ਵੀ ਨਹੀਂ ਕਰਦੇ। ਇਹਨਾਂ ਦਾ ਲੁਕਵਾਂ ਵਿਰੋਧ ਕਰਦੇ ਹਨ। ਤੀਜੀ ਕਿਸਮ ਹੈ ਉਹਨਾਂ ਅਧਿਆਪਕਾਂ ਦੀ ਜੋ ਵਰਤਮਾਨ ਰਾਜਨੀਤਕ ਅਤੇ ਸਮਾਜਿਕ ਢਾਂਚੇ ਨਾਲ ਮਿਲਕੇ ਚਲਦੇ ਹਨ 'ਤੇ ਹਰ ਕਰਮ ਕੁਕਰਮ ਉਹ ਕਰ ਸਕਣ ਦੇ ਸਮਰੱਥ ਹੁੰਦੇ ਹਨ। 'ਤੇ ਵਰਤਮਾਨ ਬੇਢੰਗੀ ਜ਼ਿੰਦਗੀ ਉਹਨਾਂ ਨੂੰ ਤੰਗ ਨਹੀਂ ਕਰਦੀ। ਜੋ ਉਹ ਆਪ ਕਰਦੇ ਹਨ ਬੱਚਿਆਂ ਨੂੰ ਵੀ ਉਹੀ ਕੁਝ ਕਰਵਾਉਣ ਵੱਲ ਰੁਚਿੱਤ ਹੁੰਦੇ ਹਨ। ਅਗਲੀ ਕਿਸਮ ਓਹ ਵੀ ਹੈ ਜਿਸਦਾ ਵਿਦਿਆਰਥੀ ਨਾਲ, ਸਕੂਲ ਨਾਲ, ਸਮਾਜ ਨਾਲ, ਸਮਾਜ ਨਾਲ ਜਾਂ ਕੌਮ ਨਾਲ ਕੋਈ ਸਰੋਕਾਰ ਨਹੀਂ ਹੁੰਦਾ। ਉਹਨਾਂ ਦਾ ਮਸਲਾ ਚਾਰ ਅੱਖਰ ਦੱਸਕੇ ਤਨਖਾਹ ਪ੍ਰਾਪਤੀ ਹੀ ਹੁੰਦਾ ਹੈ। ਪੰਜਵੀਂ ਕਿਸਮ ਹੈ ਉਹਨਾਂ ਅਧਿਆਪਕਾਂ ਦੀ ਜੋ ਯੂਨੀਅਨ ਮੰਨਦੇ ਹੁੰਦੇ ਹਨ ਅਤੇ ਅਧਿਆਪਕ ਵਰਗ ਦੀ ਨੁਮਾਇੰਦਗੀ ਕਰਦੇ ਹਨ।

ਹਣ ਮੈਂ ਇਹਨਾਂ ਉਪਰਲੀਆਂ ਕਿਸਮਾਂ ਦੀ ਵੱਖਰੀ ਵੱਖਰੀ ਵਿਆਖਿਆ ਕਰਨ ਦਾ ਯਤਨ ਕਰਾਂਗਾ। ਸਭ ਤੋਂ ਪਹਿਲਾਂ ਅਸੀਂ ਅਦਰਸ਼ ਅਧਿਆਪਕ ਨੂੰ ਲੈਂਦੇ ਹਾਂ। ਉਹ ਸਮਝਦਾ ਹੈ ਕਿ ਵਿਦਿਆ ਮਨੁੱਖ ਦੀ ਸਭ ਤੋਂ ਵੱਡੀ ਅਤੇ ਮਹਾਨ ਦੇਣ ਹੈ। ਉਹ ਸਮੇਂ ਸਿਰ ਸਕੂਲ ਪਹੁੰਚੇਗਾ। ਸਭ ਦਾ ਸਤਿਕਾਰ ਕਰਨ ਦਾ ਯਤਨ ਕਰੇਗਾ। ਉਹ ਇਹ ਵੀ ਇੱਛਾ ਕਰੇਗਾ ਕਿ ਹਰ ਬੱਚਾ ਸਵੇਰ ਸਾਰ ਆਪਣੇ ਅਧਿਆਪਕਾ ਨੂੰ ਸ਼ੁਭ ਕਾਮਨਾਵਾਂ ਭੇਟ ਕਰੇ। ਉਹ ਪੀਰਡ ਨਹੀਂ ਛੱਡਦਾ। ਅਤੇ ਨਾ ਹੀ ਉਹ ਵਿਦਿ-ਆਰਥੀਆਂ ਵਿਚੋਂ ਕਿਸੇ ਕਿਸਮ ਦੀ ਅਨੁਸਾਸ਼ਨ ਹੀਣਤਾ ਬਰਦਾਸ਼ਤ ਕਰਦਾ ਹੈ। ਨਾਹੀ ਉਹ ਬੱਚੇ ਦਾ ਨਿਰਾਦਰ ਕਰੇਗਾ। ਪਾਠ ਕਰਨ ਪੂਰਾ ਕਰਨ ਉਪਰੰਤ ਉਹ ਉਹਨਾ ਪਰਸੰਗਾਂ ਵਿੱਚ ਹੀ ਵਿਦਿਆਰਥੀ ਨੂੰ ਬਾਹਰੀ ਤੇ ਅਗਲੀ ਜ਼ਿੰਦਗੀ ਦਾ ਗਿਆਨ ਦੇਣ ਦਾ ਯਤਨ ਕਰੇਗਾ। ਇਸਤੋਂ ਇਲਾਵਾ ਸਮਾਜ ਦੀਆਂ, ਰਾਜਨੀਤਕ ਢਾਂਚੇ ਦੀਆਂ ਧਾਰਮਕ ਅਡੰਬਰਾਂ ਦੀਆਂ ਗਲਤ ਕੀਮਤਾਂ ਤੋਂ ਵਿਦਿਆਰਥੀ ਨੂੰ ਚੇਤੰਨ ਕਰੇਗਾ। ਅਜਿਹਾ ਅਧਿਆਪਕ ਚਾਹੇਗਾ ਕਿ ਮੁੱਖ ਅਧਿਆਪਕ, ਦੂਜੇ ਅਧਿਆਪਕ ਤੇ ਬੱਚੇ ਵੀ ਚੰਗੀ ਸੇਧ ਲੈ ਕੇ ਤੁਰਨ। ਸਕੂਲ ਦੀ ਇਮਾਰਤ ਨੂੰ ਚੰਗਾ ਬਣਾਉਣਾ, ਸਕੂਲ ਦੇ ਵਿਹੜੇ ਨੂੰ ਫੁੱਲ ਬੂਟਿਆਂ ਨਾਲ ਸਜਾਉਣਾ ਆਦਿ ਵਿੱਚ ਉਹ ਡੂੰਘੀ ਰੁਚੀ ਲਵੇਗਾ। ਉਹ ਇਹ ਵੀ ਵੇਖੇਗਾ ਕਿ ਸਕੂਲ ਦਾ ਕੋਈ ਜ਼ੁੰਮੇਵਾਰ ਆਦਮੀ ਬੱਚਿਆਂ ਵਿੱਚ ਭ੍ਰਿਸ਼ਟ ਕਿਸਮ ਦੀਆਂ ਧਾਰਨਾਵਾਂ ਪੈਦਾ ਨਾ ਕਰੇ। ਜਿਥੇ ਵੀ ਅਜਿਹਾ

ਹੋਵੇਗਾ ਉਹ ਉਸਦਾ ਵਿਰੋਧ ਕਰੇਗਾ । ਵਿਰੋਧ ਆਪਸੀ ਕਸ਼ਮਕਸ਼ ਨੂੰ ਜਨਮ ਦੇਵੇਗਾ । ਤਾਂ ਹੋਵੇਗਾ ਕੀ (ਬਹੁਤੇ ਥਾਵੀਂ) ਮੁਖ ਅਧਿਆਪਕ ਆਪਣੇ ਫੰਡ ਛਕਣ ਵਰਗੇ ਵਿਰੋਧ ਕਾਰਨ ਉਸਦੀ ਗੁਪਤ ਰੀਪੋਰਟ ਠੀਕ ਨਾ ਲਿਖਣ ਦਾ ਯਤਨ ਕਰੇਗਾ । ਕਲਰਕ ਦੀ ਪੈਸੇ-ਝਾਕ ਦਾ ਵਿਰੋਧ, ਤਰੱਕੀਆਂ ਸਮੇਂ ਸਿਰ ਨਾ ਲੱਗਣ ਵਿੱਚ ਜਾਂ ਜ਼ਰੂਰੀ ਕਾਗਜ਼ਾਂ 'ਚ ਹੇਰਾ ਫੇਰੀ ਵਿੱਚ ਵਟ ਜਾਵੇਗਾ । ਕਿਉਂਕਿ ਉਹ ਕਲਰਕ ਤੇ ਪੀਅਨ ਕੋਲੋਂ ਵੀ ਉਮੀਦ ਕਰਦਾ ਹੈ ਕਿ ਉਹ ਆਪਣਾ ਫਰਜ਼ ਸਹੀ ਸਹੀ ਨਿਭਾਉਣ, ਤਾਂ ਇਹ ਕਰਮਚਾਰੀ ਵੀ ਉਸਦਾ ਪੱਖ ਨਹੀਂ ਲੈਣਗੇ ।

ਸਗੋਂ ਅਜਿਹਾ ਹੋਣ ਤੇ ਉਸਦਾ ਨਿੱਜੀ ਵਿਰੋਧ ਵਧ ਜਾਵੇਗਾ । ਉਸ ਵਿਰੁੱਧ ਚਿੱਕੜ ਉਛਾਲਿਆ ਜਾਵੇਗਾ । ਉਸਦੀ ਮਾੜੀ ਮੋਟੀ ਉਕਾਈ ਨੂੰ ਖੂਬ ਉਡਾਇਆ ਜਾਵੇਗਾ । ਉਸ 'ਤੇ ਟਿਪਣੀਆਂ ਹੋਣਗੀਆਂ । ਤਾਹਨੇ ਸਹਿਣੇ ਪੈਣਗੇ । ਕੁਝ ਵਿਦਿਆਰਥੀ ਵੀ ਉਸਦੇ ਵਿਰੁੱਧ ਉਕਸਾਏ ਜਾਣਗੇ । ਉਸਦਾ ਸਾਥ ਦੇਣ 'ਚ ਵੀ ਬਹੁਤੇ ਅੱਗੇ ਨਹੀਂ ਆਉਣਗੇ । ਪਰੰਤੂ ਅਜਿਹੇ ਹਾਲਤਾਂ ਵਿੱਚ ਵੀ ਉਹ ਆਪਣੀਆਂ ਕੀਮਤਾਂ ਵਿੱਚ ਹੀਣਾਂ ਨਹੀਂ ਹੋਵੇਗਾ । ਤੇ ਮੁਸ਼ਕਲਾਂ ਸਹਿੰਦਾ ਹੋਇਆ ਵਿਕਾਸ ਦੇ ਰਾਹੇ ਪਾਇਆ ਜਾਵੇਗਾ । ਅਜਿਹੇ ਅਚਾਰ ਵਾਲਾ ਵਿਅੱਕਤੀ ਗੁਰੂ ਨਾਨਕ ਅਨੁਸਾਰ ਸੱਚ ਤੋਂ ਉੱਪਰ ਵਾਲੀ ਸ਼ੈਅ ਹੈ । ਇਹੋ ਜਿਹਾ ਅਧਿਆਪਕ ਜਦੋਂ ਮੁੱਖ-ਅਧਿਆਪਕ ਜਾਂ ਪ੍ਰਿੰਸੀਪਲ ਬਣਦਾ ਹੈ ਤਾਂ ਉਸੇ ਰੂਪ ਵਿੱਚ ਆਪਣੇ ਅਦਰਸ਼ ਪਾਲਦਾ ਹੈ । ਅਨੇਕ ਮੁਸ਼ਕਲਾਂ ਦਾ ਸਾਹਮਣਾ ਕਰਦੇ ਹੋਏ ਵੀ ਵਿਦਿਆਰਥੀ ਦੇ ਸਮੁੱਚੇ ਜੀਵਨ ਨੂੰ ਸਾਂਮਣੇ ਰੱਖਦਾ ਹੈ ।

ਅਜਿਹਾ ਅਦਰਸ਼ ਅਧਿਆਪਕ ਮੁਖੀ ਦੇ ਰੂਪ ਵਿਚੋਂ ਬਾਕੀ ਅਧਿਆਪਕਾਂ ਨੂੰ ਸੇਧ ਵੀ ਦਿੰਦਾ ਹੈ ਤੇ ਇਹ ਨਿਆਂ ਵੀ ਦਿੰਦਾ ਹੈ । ਉਸ ਦੇ ਸਕੂਲ ਦਾ ਵਾਤਾ-ਵਰਨ ਸੁਖਾਵਾਂ ਹੋਵੇਗਾ । ਪਰੰਤੂ ਇਹੋ ਜਿਹਾ ਸੁਚੱਜਾ ਅਧਿਆਪਕ ਉਪਰਲੀਆਂ ਪ੍ਰਬੰਧਕ ਪਦਵੀਆਂ 'ਤੇ ਕਾਮ-ਯਾਬ ਨਹੀਂ ਹੋ ਸਕੇਗਾ ਕਿਉਂਕਿ ਉਥੇ ਸੁਧਾ ਰਾਜਨੀਤਕ ਦਖਲ ਹੋਵੇਗਾ । 'ਤੇ ਉਸਦੇ ਆਦਰਸ਼ ਦੋ ਕਦਮ ਵੀ ਚੱਲ ਨਹੀਂ ਸਕਣਗੇ । ਇਹੋ ਜਿਹੇ ਕੀਮਤੀ ਅਧਿਆਪਕ ਬਹੁਤ ਹੀ ਘੱਟ ਗਿਣਤੀ ਵਿੱਚ ਹਨ ।

• ਦੂਜੀ ਕਿਸਮ ਦੇ ਅਧਿਆਪਕ ਉਹ ਹਨ ਜੋ ਅਦਰਸ਼ ਅਧਿਆਪਕ ਬਣਨ ਦੀ ਲੋਚਾਂ ਰਖਦੇ ਹਨ । ਕੁਝ ਕਰਦੇ ਵੀ ਹਨ । ਚੰਗੇ ਅਧਿਆਪਕਾਂ ਅਤੇ ਮੁੱਖ ਅਧਿਆਪਕਾਂ ਦਾ ਸਾਥ ਵੀ ਦਿੰਦੇ ਹਨ, ਪਰੰਤੂ ਘਰ ਦੀ ਗਰੀਬੀ ਕਾਰਨ ਕਈ ਵਾਰ ਛੋਟੀ ਜਾਤੀ ਦੇ ਹੋਣ ਕਾਰਨ ਆਪਣੀ ਬੇਜ਼ਤੀ ਡਰੋਂ ਜਾਂ ਆਪਣੀਆਂ ਦਰਪੇਸ਼ ਮੁਸ਼ਕਲਾਂ ਡਰੋਂ, ਹਾਲਤਾਂ ਨਾਲ ਅਣਚਾਹਿਆ ਸਮਝੌਤਾ ਕਰ ਜਾਂਦੇ ਹਨ । ਉਹਨਾਂ ਵਿੱਚ ਮੰਦੇ ਨਾਲ ਖੁਲ੍ਹ ਕੇ ਟਕਰਾ ਸਕਣ ਦਾ ਸਾਹਸ ਨਹੀਂ ਹੁੰਦਾ । ਫੇਰ ਵੀ ਉਹ ਚੰਗਾ ਚਿਤਵਦੇ ਅਤੇ ਚੰਗਾ ਕਰਦੇ ਹਨ ਪਰ ਜਿੱਥੇ ਉਹਨਾਂ ਨੂੰ ਨਿੱਜੀ ਨੁਕਸਾਨ ਹੋਵੇ ਜਾਂ ਬੇਜ਼ਤੀ ਦੀ ਸੰਭਾਵਨਾ ਹੋਵੇ, ਉਹ ਪਿੱਛੇ ਹਟ ਜਾਂਦੇ ਹਨ ਉਹ ਮਾੜੇ ਅਧਿਆਪਕਾਂ ਦਾ ਸਾਥ ਵੀ ਨਹੀਂ ਦਿੰਦੇ । ਇਹੋ ਜਿਹੇ ਅਧਿਆਪਕ ਵੀ ਕੁੱਝ ਹੱਦ ਤੀਕ ਉਸਾਰੂ ਰਚੀਆਂ ਬਣਾਉਂਦ ਹਨ । ਇਹ ਅਦਰਸ਼ ਅਧਿਆਪਕਾਂ ਦੇ ਸਾਥੀ ਹੁੰਦੇ ਹਨ । ਇਹਨਾਂ ਸਾਰਿਆਂ ਦੀ ਗਿਣਤੀ 30-35 ਪ੍ਰਤੀਸ਼ਤ ਤੀਕ ਪਹੁੰਚ ਜਾਂਦੀ ਹੈ ।

ਹੁਣ ਮੈਂ ਤੀਜੀ ਕਿਸਮ ਦੇ ਅਧਿਆਪਕਾਂ ਵੱਲ ਆਉਂਦਾ ਹਾਂ । ਹੋ ਸਕਦਾ ਹੈ ਇਸ ਨੁਕਤੇ ਨਜ਼ਰਤੋ ਬਹੁਤ ਸਾਰੇ ਅਧਿਆਪਕ ਨਰਾਜ਼ ਹੋ ਜਾਣ । ਤਾਂ ਵੀ ਮੈਂ ਸਮਝਦਾ ਹਾਂ ਕਿ ਹਰ ਇੱਕ ਨੂੰ ਆਪਣੇ ਗਿਰੀਬਾਨ ਵਿੱਚ ਝਾਤੀ ਮਾਰਨੀ ਚਾਹੀਦੀ ਹੈ । ਤਾਂ ਇਹ ਉਹ ਅਧਿਆਪਕ ਹਨ ਜੋ ਸਮਾਜ ਨਾਲ, ਵਰਤਮਾਨ ਰਾਜਨੀਤਕ ਢਾਂਚੇ ਨਾਲ ਧਾਰਮਕ ਅਡੰਬਰਾਂ ਨਾਲ ਪੂਰਨ ਸਮਝੌਤਾ ਕਰਕੇ ਚਲਦੇ ਹਨ । ਇਹਨਾਂ 'ਚ ਉਹ ਅਧਿਆਪਕ ਵੀ ਆਉਂਦੇ ਹਨ ਜੋ ਤਕੜੇ ਘਰਾਂ 'ਚ ਆਏ ਹੁੰਦੇ ਹਨ ਅਤੇ ਨੌਕਰੀ ਨੂੰ ਸ਼ੁਗਲ ਸਮਝਕੇ ਕਰਦੇ ਹਨ । ਉਹ ਆਦਰਸ਼ ਅਧਿ-ਆਪਕਾਂ ਦਾ ਗਾਹੇ ਬਗਾਹੇ ਮੰਜੂ ਕਸਦੇ ਹਨ ।

ਅਤੇ ਉਹਨਾਂ ਦਾ ਵਿਰੋਧ ਕਰਨਾ ਅਜਿਹੇ ਅਧਿ-ਆਪਕਾਂ ਦਾ ਧਰਮ ਬਣ ਜਾਂਦਾ ਹੈ । ਇਹਨਾਂ ਦੀ ਰਾਜ-ਨੀਤਕ ਪਹੁੰਚ ਕਈ ਵਾਰ ਹੁੰਦੀ ਵੀ ਹੈ ਅਤੇ ਆਮ ਕਰਕੇ ਇਹ ਸਾਂਝ ਬਣਾ ਵੀ ਲੈਂਦੇ ਹਨ । ਇਹਨਾਂ ਲਈ ਦਫਤਰਾਂ 'ਚ ਜਾਣਾ, ਕੰਮ ਕਰਾਉਣਾ, ਅਸਾਨ ਜਿਹੀ ਗੱਲ ਹੁੰਦੀ ਹੈ । ਕਿਉਂਕਿ ਮੁੱਠੀ ਗਰਮ ਕਰਨਾਂ ਇਹਨਾਂ ਦਾ ਅਮਲ ਹੁੰਦਾ ਹੈ । ਇਹਨਾਂ ਦੇ ਕੰਮ ਕਦੀ ਨਹੀਂ ਰੁਕਦੇ ।

ਇਹਨਾਂ ਦਾ ਬੱਚਿਆਂ ਨੂੰ ਪੜ੍ਹਾਉਣ ਵਿੱਚ ਬਹੁਤਾ ਵਿਸ਼ਵਾਸ਼ ਨਹੀਂ । ਇਹ ਮਰਜ਼ੀ ਨਾਲ ਪੀਰਡਾ 'ਚ ਜਾਂਦੇ ਹਨ । ਪੀਰਡ ਛੱਡਣਾ, ਲੇਟ ਜਾਣਾ, ਪਹਿਲਾਂ ਪੀਰਡ ਛੱਡ ਆਉਣਾ ਇਹਨਾਂ ਦਾ ਆਮ ਜਿਹਾ ਕੰਮ ਹੁੰਦਾ ਹੈ । ਜੇ ਕੋਈ ਮੁਖਅਧਿਆਪਕ ਇਹਨਾਂ ਨੂੰ ਰੋਕਦਾ ਹੈ ਇਹ ਉਸ 'ਤੇ ਅਨੇਕ ਪਕਾਰ ਦੇ ਦੂਸ਼ਣ ਲਾਉਂਦੇ ਹਨ । ਉਸ ਦੀ ਆਉਂਦੇ ਜਾਂਦੇ ਭੰਡੀ ਕਰਦੇ ਹਨ । ਝੂਠੇ ਬਹਾਨੇ ਮਾਰ ਕੇ ਸਕੂਲ ਸਮੇਂ ਹੀ ਏਧਰ ਉਧਰ ਤੁਰੇ ਰਹਿਣਾ ਇਹਨਾਂ ਦਾ ਪੇਸ਼ਾ ਹੈ । ਜਮਾਤ ਵਿੱਚ ਦਿਆਨਤ ਨਾਲ ਨਾ ਪੜ੍ਹਾ ਕੇ, ਇਹ ਟਿਊਸ਼ਨਾਂ ਲਈ ਮਹੌਲ ਪੈਦਾ ਕਰਦੇ ਹਨ । (ਟਿਊਸ਼ਨ ਪ੍ਰਬੰਧ ਨਾਲ ਸਬੰਧਤ ਬਹੁਤਾ ਸ਼ਹਿਰੀ

ਤਬਕਾ ਹੈ) ਇਸੇ ਤਰ੍ਹਾਂ ਸਕੂਲ ਸਕੂਲ ਦੇ ਅਤੇ ਬੋਰਡ ਦੇ ਇਮਤਿਹਾਨਾਂ ਵਿੱਚ ਇਹੋ ਜਿਹੇ ਅਧਿਆਪਕ ਆਪ ਨਕਲਾਂ ਕਰਾਉਂਦੇ ਹਨ। ਬੱਚਿਆਂ ਤੋਂ ਪੈਸੇ ਲੈਕੇ ਪੇਪਰਾਂ ਮਗਰ ਜਾਂਦੇ ਹਨ। ਸੁਪਰਡੈਂਟਾਂ ਨਾਲ ਲਿਹਾਜ਼ਾ ਪਾਲਦੇ ਹਨ। ਨਕਲ ਦਾ ਪ੍ਰਬੰਧ ਕਰਦੇ ਹਨ। ਇਹਨਾਂ ਨਾਲ ਵਿਦਿਆਰਥੀਆਂ ਦਾ ਇਕ ਬਕਾਇਦਾ ਗਰੁੱਪ ਹੁੰਦਾ ਹੈ। ਜੋ ਚੰਗੇ ਅਧਿਆਪਕਾਂ ਦੀ ਕਦਰ ਨਹੀਂ ਕਰਦਾ। ਹਾਂ ਵਿਖਾਵਾ ਮਜਬੂਰੀ ਮਾਤਰ ਕੀਤਾ ਜਾਂਦਾ ਹੈ। ਇਹ ਫੀਸਾਂ ਜ਼ੀਰੋ ਫੰਡਾਂ ਵਿਚੋਂ ਈ ਕੁਝ ਮਾਰ ਜਾਂਦੇ ਹਨ। ਜੇ ਮੁੱਖ-ਅਧਿਆਪਕ ਨਾਲ ਸੁਰ ਰਲ ਜਾਵੇ ਤਾਂ ਆਮ ਫੰਡਾਂ ਨੂੰ ਵੀ ਮੁੱਕਾ ਲੈਂਦੇ ਹਨ। ਖੇਡਾਂ ਦੇ ਦਿਨਾਂ ਵਿੱਚ ਯੂਨੀਅਨ ਫੰਡ ਦੀਆ ਤਲੀਆਂ ਲੁਆਈਆਂ ਜਾਂਦੀਆਂ ਹਨ। ਆਮ ਕਰਕੇ ਅਜਿਹੇ ਅਧਿਆਪਕ ਮੁਖੀਆਂ ਦੀ ਚਮਚਾ-ਗਿਰੀ ਕਰਦੇ ਹਨ। ਦੂਜਿਆਂ ਵਿਰੁੱਧ ਉਹਨਾਂ ਦੇ ਕੰਨ ਭਰਦੇ ਹਨ। ਮੌਕਾ ਪੈਣ 'ਤੇ ਮੁਖੀਆਂ ਨੂੰ ਡਰਾਉਣ ਦੀਆਂ ਚਾਲਾਂ ਵੀ ਚਲਦੇ ਹਨ। ਗਲ ਪੈਂਦੀ ਵੇਖਕੇ, ਪੈਰ ਵੀ ਫੜ ਲੈਂਦੇ ਹਨ। ਇਹਨਾਂ ਦੀ ਨੀਅਤ ਹਮੇਸ਼ਾਂ ਫਰਲੋ 'ਤੇ ਰਹਿੰਦੀ ਹੈ। ਸਕੂਲ ਦਾ ਸਮਾਂ ਵੱਧ ਤੋਂ ਵੱਧ ਆਪਣੇ ਹਿਤਾਂ ਲਈ ਵਰਤਣ ਦਾ ਯਤਨ ਕਟਦੇ ਹਨ। ਮਿਡਲ ਸਕੂਲ ਦੇ ਮੁਖੀਆਂ ਤੇ ਦੂਜੇ ਅਧਿਆਪਕਾਂ ਵਿੱਚ ਇਹ ਗਿਣਤੀ ਕਾਫੀ ਹੈ। ਇਹ ਧਾਰਮਕ ਪਖੰਡ ਵੀ ਕਰਦੇ ਹਨ। ਪ੍ਰਾਰਥਨਾਂ ਵੇਲੇ ਜੁੜੇ ਹੱਥਾਂ ਤੇ ਮੀਚੀਆਂ ਅੱਖਾਂ ਨਾਲ ਸਾਵਧਾਨ ਹੋਕੇ ਇਹ ਬੱਚਿਆਂ ਦਾ ਸ਼ਬਦ ਗਾਇਨ ਸੁਣਦੇ ਹਨ। ਉਸ ਵੇਲੇ ਇਹਨਾਂ ਦੀ ਹਾਲਤ ਬਗਲੇ ਤੋਂ ਘੱਟ ਨਹੀਂ ਹੁੰਦੀ। ਦੂਜੇ ਪਾਸੇ ਇਹ ਸਕੂਲ ਦੇ ਨਤੀਜਿਆਂ ਸਮੇਂ ਇਹ ਬੱਚਿਆਂ ਨਾਲ, ਬੱਚਿਆਂ ਦੇ ਮਾਪਿਆਂ ਨਾਲ ਗੰਢ ਤੁੱਪ ਕਰਦੇ ਹਨ। ਜੇ ਸੰਭਵ ਹੋਵੇ ਤਾਂ ਰਕਮਾਂ ਵੀ ਵਸੂਲ ਕਰ ਲੈਂਦੇ ਹਨ। ਕਈ ਬੋਤਲ ਮੁਰਗੇ ਨਾਲ ਹੀ ਸਾਰ ਲੈਂਦੇ ਹਨ ਤੇ ਕਈ ਨਿਰੋਲ ਲਿਹਾਜਾਂ-ਬਿਆਜਾਂ ਨਾਲ ਹੀ। ਫਿਰ ਇਹ ਸਾਥੀ ਅਧਿਆਪਕਾਂ ਦੀਆਂ ਮਿੰਨਤਾਂ ਕਰਕੇ ਮੁਖੀਆਂ ਦੇ ਗੋਡੀਂ ਹੱਥ ਲਾਕੇ ਆਪਣੇ ਸੂਚੀ ਦਰਜ ਬੱਚੇ ਪਾਸ ਕਰਵਾ ਲੈਂਦੇ ਹਨ। ਤੇ ਜੇ ਫੇਰ ਵੀ ਕੋਈ ਬੱਚਾ ਬ੍ਰੀਰ ਕੇ ਫੇਲ੍ਹ ਹੋ ਜਾਵੇ ਤਾਂ ਇਸਦੀ ਜ਼ੁੰਮੇਵਾਰੀ ਅਜਿਹੇ ਅਧਿਆਪਕ 'ਤੇ ਥੋਪੀ ਜਾਂਦੀ ਹੈ ਜੋ ਉਹਨਾਂ ਦੀਆਂ ਕਰਤੂਤਾਂ ਤੇ ਨਜ਼ਰ ਸਾਨੀ ਕਰਦਾ ਹੈ। ਹੁੰਦਾ ਕੀ ਹੈ ਕਿ ਮਾਪੇ ਬਿਨਾ ਸੋਚੇ ਸਮਝੇ ਅਧਿਆਪਕਾਂ ਦੇ ਗਲ ਪੈ ਜਾਂਦੇ ਹਨ। ਗਾਲ੍ਹਾਂ ਕੱਢਦੇ ਹਨ ਤੇ ਕਈ ਵਾਰ ਮਾਰਨ ਵੀ ਜਾ ਪੈਂਦੇ ਹਨ। ਕਈ ਵਾਰ ਵਿਦਿ-ਆਰਥੀ ਆਪ ਆਪਣੇ ਅਧਿਆਪਕਾਂ ਦੇ ਗਲ ਪੈਂਦੇ ਹਨ 'ਤੇ ਚਾਕੂ ਕੱਢ ਖੜ੍ਹੋਂਦੇ ਹਨ।

ਇਸ ਤੋਂ ਵੀ ਉੱਪਰ ਇਹ ਅਧਿਆਪਕ ਬੱਚੀਆਂ ਦਾ ਸ਼ੋਸ਼ਨ ਵੀ ਕਰਦੇ ਹਨ। ਆਪਣੇ ਗਰੁੱਪ ਦੇ ਬੱਚਿਆਂ ਵਿੱਚ ਕਾਮਉਕਸਾਊ ਰੁਚੀਆਂ ਪੈਦਾ ਕਰਦੇ ਹਨ ਜਿਸਦਾ ਨਤੀਜਾ ਬੱਚੀਆਂ ਨੂੰ ਭੁਗਤਣਾ ਪੈਂਦਾ ਹੈ। ਅਨਪੜ੍ਹ ਮਾਪਿਆਂ ਨਾਲ ਚੰਗਾ ਸਲੀਕਾ ਵਰਤਕੇ, ਇਮ-ਹਾਨਾਂ 'ਚ ਨਕਲ ਮਰਾਉਣ ਜਾਂ ਪਾਸ ਕਰਾਉਣ ਦਾ ਝਾਂਸਾ ਦੇਕੇ ਵਿਦਿਆਰਥੀ ਅਤੇ ਵਿਦਿਆਰਥਣਾਂ ਦਾ ਸ਼ੋਸ਼ਨ ਕਰਦੇ ਹਨ।

ਭਾਵੇਂ ਅਜਿਹੇ ਅਧਿਆਪਕਾਂ ਦਾ ਸਤਿਕਾਰ ਨਹੀਂ ਹੁੰਦਾ ਫਿਰ ਵੀ ਇਹ ਆਪਣੀ ਗੱਡੀ ਰੇੜ੍ਹੀ ਜਾਂਦੇ ਹਨ। 'ਤੇ ਹਰ ਲਾਭ ਉਠਾਉਂਦੇ ਹਨ। ਜਿਸਦਾ ਚੰਗੇ ਅਧਿ-ਆਪਕਾਂ ਤੇ ਮਾੜ੍ਹਾ ਅਸਰ ਪੈਂਦਾ ਹੈ। ਇਹੋ ਜਿਹੇ ਅਧਿ-ਆਪਕਾਂ ਦੀ ਗਿਣਤੀ 10 ਤੋਂ 30 ਪ੍ਰਤੀਸ਼ਤ ਤੱਕ ਹੈ। ਇਹਨਾਂ ਵਿਚੋਂ ਕੋਈ ਅਧਿਆਪਕ ਕਿਸੇ ਗੱਲ ਨੂੰ 'ਤੇ ਕੋਈ ਕਿਸੇ ਗੱਲ ਨੂੰ ਜ਼ਿਆਦਾ ਤਰਜੀਹ ਦਿੰਦਾ ਹੈ।

ਹੁਣੇ ਮੈਂ 30-35 ਪ੍ਰਤੀਸ਼ਤ ਉਹਨਾਂ ਅਧਿਆਪਕਾਂ ਦੀ ਗੱਲ ਕਰਦਾ ਹਾਂ ਜੋ ਸਕੂਲ ਆਉਣ ਚਾਰ ਅੱਖਰ ਪੜ੍ਹਾਉਣ ਤੇ ਤਨਖਾਹ ਲੈਣ ਵਿੱਚ ਹੀ ਵਿਸ਼ਵਾਸ਼ ਰੱਖਦੇ ਹਨ। ਇਹਨਾਂ ਨੂੰ ਬੱਚਿਆਂ ਦੀ ਜ਼ਿੰਦਗੀ ਨਾਲ, ਸਕੂਲ ਨਾਲ, ਕਿਸੇ ਭਲਾਈ ਨਾਲ ਜਾਂ ਕੌਮ ਦੀ ਜ਼ਿੰਦਗੀ ਨਾਲ ਕੋਈ ਸਰੋਕਾਰ ਨਹੀਂ ਹੁੰਦਾ। ਬਸ ਸਮੇਂ ਨਾਲ ਦੇ ਹੋ ਕੇ, ਗਾਈਡਾਂ ਐਮਬੀਡੀਆਂ ਰਾਹੀਂ ਆਪਣੇ ਡੰਗਾਂ ਲਾਹੁੰਦੇ ਹਨ। ਨਾ ਉਹ ਲਾਚਾਰ ਹੁੰਦੇ ਹਨ ਤੇ ਨਾ ਮਜਬੂਰ। ਸਕੂਲ ਆਏ, ਚਾਰ ਅੱਖਰ ਪੜ੍ਹਾਏ, ਤਨਖਾਹ ਲਈ ਤੇ ਬਸ। ਨਾ ਉਹ ਮਾੜੇ ਨੂੰ ਮਾੜਾ ਨਾ ਚੰਗੇ ਨੂੰ ਚੰਗਾ ਕਹਿਣ 'ਚ ਯਕੀਨ ਕਰਦੇ ਹਨ। ਉਹਨਾਂ ਲਈ ਸਭ ਅੱਛਾ ਹੈ। ਕੋਈ ਮਰੇ ਕੋਈ ਜੀਏ ਸੁਥਰਾ ਘੋਲ ਪਤਾਸੇ ਪੀਏ। ਇਹ ਇਹੋ ਜੀ ਰੁਚੀ ਦੇ ਅਧਿਆਪਕ ਹੁੰਦੇ ਹਨ।

ਹੁਣ ਰਹੀ ਗੱਲ ਯੂਨੀਅਨ-ਮਨ ਅਧਿਆਪਕਾਂ ਦੀ। ਇਹਨਾਂ ਅਧਿਆਪਕਾਂ ਦੀਆਂ ਦੋ ਕਿਸਮਾਂ ਹਨ। ਇੱਕ ਅਧਿਆਪਕ ਪੱਖੀ ਤੇ ਦਿਆਨਤਦਾਰ ਦੂਜੇ ਨਿੱਜ ਪੱਖੀ ਅਧਿਆਪਕ ਨੇਤਾ, ਰਾਜਨੀਤਕ ਢਾਂਚੇ ਨਾਲ ਮੇਲ ਖਾ ਕੇ ਤੁਰਦੇ ਹਨ ਅਤੇ ਹਰ ਜਾਇਜ਼-ਨਜਾਇਜ਼ ਲਾਭ ਪ੍ਰਾਪਤ ਕਰਦੇ ਅਤੇ ਕਰਾਉਂਦੇ ਹਨ। ਦਫਤਰੀ ਅਮਲੇ ਨਾਲ, ਅਫਸਰਾਂ ਨਾਲ ਸਿਆਸੀ ਬੰਦਿਆਂ ਨਾਲ ਇਹਨਾਂ ਦਾ ਸੰਚਾਰ ਹੁੰਦਾ ਹੈ। ਆਪਣੇ ਸਾਥੀਆਂ ਲਈ ਇਹ ਔਖਿਆਈਆਂ ਨਹੀਂ ਝਲਦੇ। ਜਿਵੇਂ ਸੂਤ ਲੱਗਿਆ ਕਰ ਲਿਆ। ਜਦੋਂ ਅਧਿਆਪਕ ਵਰਗ ਘੋਲ 'ਚ ਉਤਰਦਾ ਹੈ ਤਾ ਇਹ ਦੁੰਬ ਦਬਾਕੇ ਉਲਟ ਬਿਆਨ ਦਾਗ ਦਿੰਦੇ ਹਨ। 'ਤੇ ਇਕਾਈ ਲਾਭ

ਪ੍ਰਾਪਤ ਕਰਦੇ ਹਨ। ਅਜਿਹੇ ਨੇਤਾਵਾਂ ਦੀ ਗਿਣਤੀ ਭਾਵੇਂ ਤੁੱਛ ਹੈ, ਤਾਂ ਵੀ ਇਹ ਅਧਿਆਪਕ ਵਰਗ ਦੇ ਘੋਲਾਂ ਤੇ ਮਾਰੂ ਅਸਰ ਪਾਉਂਦੇ ਹਨ। ਦੂਜੇ ਪਾਸੇ ਉਹ ਅਧਿਆਪਕ ਨੇਤਾ ਹਨ ਜੋ ਅਧਿਆਪਕ ਵਰਗ ਦੇ ਹੱਕਾਂ ਪ੍ਰਤੀ ਵੀ ਚੇਤੰਨ ਹੁੰਦੇ ਹਨ ਅਤੇ ਸਮਾਜ ਪ੍ਰਤੀ ਵੀ। ਉਹ ਵੱਡੀਆਂ ਮੁਸ਼ਕਲਾਂ ਦਾ ਸਾਹਮਣਾ ਕਰਦੇ ਹਨ। ਬੱਚਿਆਂ ਨੂੰ ਬਹੁਤਾ ਸਮਾਂ ਨਹੀਂ ਦੇ ਸਕਦੇ। ਉਹਨਾਂ ਦੀਆਂ ਛੁਟੀਆਂ ਅਕਸਰ ਖਤਮ ਹੁੰਦੀਆਂ ਹਨ। ਉਹ ਬਿਨਾਂ ਤਨਖਾਹ ਛੁਟੀਆਂ ਲੈਂਦੇ ਹਨ। ਕੁੱਟਾਂ ਮਾਰਾਂ ਸਹਿੰਦੇ ਹਨ। ਗ੍ਰਿਫਤਾਰ ਹੁੰਦੇ ਹਨ। ਜੇਲ੍ਹਾਂ ਕਟਦੇ ਹਨ। ਸਾਬੋਤਾਜ ਹੁੰਦੇ ਹਨ। ਥਾਂ ਥਾਂ 'ਤੇ ਬਦਲੀਆਂ ਹੁੰਦੀਆਂ ਹਨ। ਫਿਰ ਵੀ ਬੇਪ੍ਰਵਾਹ ਆਪਣਾ ਕੰਮ ਕਰੀ ਜਾਂਦੇ ਹਨ, ਪਰ ਦੂਜੇ ਪਾਸੇ, ਅਧਿਆਪਕ ਉਨ੍ਹਾਂ ਦੀ ਆਰਥਕ ਮਦਦ ਨਹੀਂ ਕਰਦੇ। ਉਹਨਾਂ ਨੂੰ ਆਪਣੇ ਪ੍ਰਵਾਰਕ ਜੀਵਨ ਵਲ ਧਿਆਨ ਦੇਣ ਦਾ ਸਮਾਂ ਨਹੀਂ ਮਿਲਦਾ ਤੇ ਨਾ ਹੀ ਦੂਜੇ ਅਧਿਆਪਕ ਏਨੇ ਸੁਹਿਰਦ ਹੁੰਦੇ ਹਨ ਜੋ ਉਹਨਾਂ ਦੀ ਜ਼ੁੰਮੇਂਵਾਰੀ ਓਟ ਲੈਣ। ਗਰੀਬੀ ਜਾਂ ਘਰ ਦੀ ਮੰਦ-ਹਾਲੀ ਉਹਨਾਂ ਦੇ ਨਾਲ ਨਾਲ ਚਲਦੀ ਹੈ।

ਏਥੇ ਮੈਂ ਇਕ ਗੱਲ ਜ਼ਰੂਰ ਕਹਾਂਗਾ ਕਿ ਇਸ ਵਰਗ ਦੇ ਕਈ ਨੇਤਾ ਕਿਸੇ ਨਾ ਕਿਸੇ ਰਾਜਨੀਤਕ ਦਲ ਨਾਲ ਸਬੰਧਤ ਹੁੰਦੇ ਹਨ ਤੇ ਉਹ ਉਹਨਾਂ ਦੇ ਆਦੇਸ਼ਾਂ ਅਨੁਸਾਰ ਕੰਮ ਕਰਦੇ ਹਨ। ਤੇ ਕਈ ਵਾਰ ਆਪਣੇ ਵਰਗ ਦੀ ਸੋਚ ਨੂੰ ਪਛਾੜ ਦਿੰਦੇ ਹਨ। ਸਰਕਾਰਾਂ ਅਤੇ ਰਾਜਨੀਤਕ ਦਲਾਂ ਦੇ ਭੇੜ ਅਨੁਸਾਰ ਇਹ ਆਪਣੀ ਨੀਤੀ ਨਿਰਧਾਰਤ ਕਰਦੇ ਹਨ। ਜਦੋਂ ਕਿ ਇੰਜ ਕਰਨਾ ਅਸਲੋਂ ਗ਼ਲਤੀ ਹੈ। ਕਿਉਂਕਿ ਉਹ ਅਧਿਆਪਕ ਵਰਗ ਦੇ ਨੇਤਾ ਹੁੰਦੇ ਹਨ ਨਾ ਕਿ ਰਾਜਨੀਤਕ ਦਲਾਂ ਦੇ। ਉਹਨਾਂ ਦਾ ਮੁਖ ਮਨੋਰਥ ਅਧਿਆਪਕ ਭਲਾਈ ਹੈ। ਉਹਨਾਂ ਨੂੰ ਰਾਜ-ਨੀਤਕ ਪਾਰਟੀਆਂ ਦੇ ਟੋਕਟਾਂ ਨੂੰ ਅਧਿਆਪਕ ਵਰਗ ਦੇ ਘੋਲਾਂ 'ਚ ਮਲੋਮੱਲੀ ਨਹੀਂ ਘਸੋੜਨਾ ਚਾਹੀਦਾ।

ਇਥੇ ਹੀ ਮੈਂ ਇਕ ਹੋਰ ਜ਼ਰੂਰੀ ਇਸ਼ਾਰਾ ਕਰਨਾ ਚਾਹੁੰਦਾ ਹਾਂ ਕਿ ਅੱਜ ਤਕ ਕਦੀ ਵੀ ਕਿਸੇ ਵੀ ਸਟੇਜ ਤੋਂ ਮੈਂ ਕਿਸੇ ਵੀ ਅਧਿਆਪਕ ਨੇਤਾ ਨੂੰ ਇਹ ਕਹਿੰਦਿਆਂ ਨਹੀਂ ਸੁਣਿਆ ਕਿ ਅਧਿਆਪਕ ਆਪਣਾ ਫਰਜ਼ ਪਛਾਨਣ, ਬੱਚਿਆਂ ਨੂੰ ਜੀਅ ਲਾ ਕੇ ਪੜ੍ਹਾਉਣ। ਸਕੂਲਾਂ ਦਾ ਮਹੌਲ ਚੰਗਾ ਬਨਾਉਣ। ਦਿਆਨਤਦਾਰੀ ਨਾਲ ਬੱਚਿਆਂ ਵਿਚ ਸਜੀਵ ਕਦਰਾਂ ਪੈਦਾ ਕਰਨ। ਉਹਨਾਂ ਨੂੰ ਆਪਣੇ ਸਮਾਜ ਪ੍ਰਤੀ, ਆਪਣੀ ਕੌਮ ਪ੍ਰਤੀ ਚੇਤੰਨ ਕਰਨ। ਗ਼ਲਤ ਤੇ ਕੁਚੱਜੀਆਂ ਕੁਰੀਤੀਆਂ ਨੂੰ ਵਗਾਹ ਮਾਰਨ, ਆਦਿ। ਇਹ ਉਹਨਾਂ ਦਾ ਮੁਢਲਾ ਫਰਜ਼ ਹੈ ਜੋ ਉਹ ਨਹੀਂ ਨਿਭਾਉਂਦੇ। ਛੋਟੇ ਪੱਧਰ ਦੇ ਪ੍ਰਧਾਨ ਅਤੇ ਸਕੱਤਰ ਤਾਂ ਸਕੂਲਾਂ ਦੀਆਂ ਪ੍ਰਵਿਰਤੀਆਂ ਨੂੰ ਇਸ ਲਈ ਅੱਖੋਂ ਉਹਲੇ ਕਰ ਦਿੰਦੇ ਹਨ ਕਿ ਉਹਨਾਂ ਨੇ ਵਧ ਤੋਂ ਵਧ ਵੋਟਾਂ ਪ੍ਰਾਪਤ ਕਰਨੀਆਂ ਹੁੰਦੀਆਂ ਹਨ ਤੇ ਆਪਣਾ ਗਰੁਪ ਕਾਬਜ ਬਣਾਉਣਾ ਹੁੰਦਾ ਹੈ। ਕਿਸੇ ਬੁਰਾਈ ਵਿਰੁਧ ਉਹ ਯੋਗ ਕਦਮ ਚੁਕਣ ਤੋਂ ਕੰਨੀਂ ਕਤਰਾਉਂਦੇ ਹਨ ਕਿਉਂਕਿ ਉਹਨਾਂ ਨੇ ਉਹਨਾਂ ਦੀ ਵੋਟ ਪ੍ਰਾਪਤ ਕਰਨੀ ਹੁੰਦੀ ਹੈ ਜੋ ਵਿਦਿਆਰਥੀ ਜੀਵਨ ਨੂੰ ਗਿਰਾਵਟ ਵਲ ਧੱਕ ਰਹੇ ਹੁੰਦੇ ਹਨ।

ਮੈਂ ਸਮਝਦਾ ਹਾਂ ਕਿ ਏਸੇ ਘਾਟ ਕਰਕੇ ਹੀ ਅੱਜ ਪੰਜਾਬ ਦਾ 80 ਹਜ਼ਾਰ ਅਧਿਆਪਕ ਕੁਝ ਵੀ ਕਰ ਸਕਣ ਦੇ ਸਮਰੱਥ ਨਹੀਂ ਰਿਹਾ। ਹਰ ਪਿੜ ਵਿਚ ਮਾਰ ਖਾ ਰਿਹਾ ਹੈ। ਇਸ ਸੱਚਾਈ ਨੂੰ ਥੋਥੀਆਂ ਦਲੀਲਾਂ ਨਾਲ ਝੁਠਲਾਇਆ ਨਹੀਂ ਜਾ ਸਕਦਾ।

ਨਾ ਹੀ ਅੱਜ ਦਾ ਅਧਿਆਪਕ ਸਮਾਜ ਨੂੰ ਕੁਝ ਦੇ ਸਕਿਆ ਹੈ ਅਤੇ ਨਾ ਹੀ ਵੱਡੀ ਗਿਣਤੀ ਵਿਚ ਚੇਤੰਨ ਵਿਦਿਆਰਥੀ ਪੈਦਾ ਕਰ ਸਕਿਆ ਹੈ। ਨਾ ਹੀ ਗ਼ਲਤ ਵਿਦਿਅਕ ਪ੍ਰਨਾਲੀ ਵਿਚ ਕੋਈ ਯੋਗ ਤਬਦੀਲੀ ਕਰਵਾ ਸਕਿਆ ਹੈ। ਜਦੋਂ ਕਿ ਹਰ ਗਲਤ ਠੀਕ ਢੰਗ ਅਧਿਆਪਕ 'ਤੇ ਉਪਰੋਂ ਠੋਸ ਦਿਤਾ ਜਾਂਦਾ ਹੈ ਅਤੇ ਅਧਿਆਪਕ ਕੋਹਲੂ ਦੇ ਬੈਲ ਵਾਂਗ ਉਸ ਨੂੰ ਖਿੱਚੀ ਜਾ ਰਿਹਾ ਹੈ। ਸਿੱਟੇ ਵਜੋਂ ਅਧਿਆਪਕ ਅਤੇ ਵਿਦਿਆਰਥੀ ਨਿਰਾਸ਼ਤਾ ਦੀ ਖੱਡ ਵਲ ਵਧ ਰਹੇ ਹਨ। ਇਸ ਤੋਂ ਇਲਾਵਾ ਉਪਰੋਂ ਪੈਂਦੇ ਰਾਜਨੀਤਕ ਵਦਾਣ ਅਧਿਆਪਕ ਨੂੰ ਮਾਰੀ ਜਾਂਦੇ ਹਨ। ਜਦੋਂ ਕਿ ਹੁਣ ਤੀਕ ਅਧਿਆਪਕ ਕੋਈ ਵੀ ਵੱਡੀ ਤਬਦੀਲੀ ਕਰ ਸਕਣ ਦੇ ਸਮਰਥ ਸੀ। ਹੋਰ ਕੋਈ ਵਰਗ ਰਾਜਨੀਤੀ ਨੇ ਕਿਸੇ ਤਬਦੀਲੀ ਨੂੰ ਲਿਆ ਸਕਣ ਦੇ ਸਮਰੱਥ ਨਹੀਂ ਰਹਿਣ ਦਿਤਾ। ਪਰ ਅਫ਼ਸੋਸ ਹੈ ਕਿ ਅਧਿਆਪਕ ਤੇ ਵਿਦਿਆਰਥੀ ਦੀ ਸਾਗਰੀ ਤੂਫ਼ਾਨੀ ਸ਼ਕਤੀ ਭੰਗ ਦੇ ਭਾਣੇ ਜਾ ਰਹੀ ਹੈ।

ਹੁਣ ਤੀਕ ਮੈਂ ਅਧਿਆਪਕਾਂ ਦਾ ਵਰਗੀਕਰਨ ਕੀਤਾ ਹੈ ਅਤੇ ਉਸੇ ਅਨੁਸਾਰ ਪ੍ਰਵਿਰਤੀਆਂ ਦਾ ਜ਼ਿਕਰ ਕੀਤਾ ਹੈ। ਇਸ ਤੋਂ ਬਾਅਦ ਮੈਂ ਅਧਿਆਪਕ ਦੀਆਂ ਸਮੁੱਚੀਆਂ ਮੁਸ਼ਕਲਾਂ ਵੱਲ ਆਉਂਦਾ ਹਾਂ। ਜਿਵੇਂ ਕਿ ਪਹਿਲਾਂ ਕਿਹਾ ਜਾ ਚੁਕਾ ਹੈ ਕਿ ਅਧਿਆਪਕ ਵਿਦਿਆਰਥੀ ਦਾ ਨਿਰਮਾਣ ਵੀ ਕਰਦਾ ਹੈ ਤੇ ਗਿਰਾਣ ਵੀ। ਕੋਈ ਵਿਦਿਆਰਥੀ ਜਿਸ ਕਿਸਮ ਦੇ ਅਧਿਆਪਕ ਨਾਲ ਜੁੜ ਜਾਂਦਾ ਹੈ ਉਸ ਦੀਆਂ ਕੀਮਤਾਂ ਨੂੰ ਸਵੀਕਾਰ ਕਰਦਾ ਤੇ ਅਮਲ ਵਿਚ ਲਿਆਉਂਦਾ ਹੈ। ਅਧਿਆਪਕ ਦੀ ਡੂੰਘੀ ਛਾਪ ਉਸ ਨੂੰ ਜ਼ਿੰਦਗੀ ਦੇ ਅਗਲੇ ਰਾਹਾਂ ਤੇ

ਆਪਣੀ ਤੋਰੇ ਤੋਰਦੀ ਹੈ।

ਅਧਿਆਪਕ ਇਕ ਸਮਾਜਕ ਪ੍ਰਾਣੀ ਹੈ। ਸਮਾਜ ਦਾ ਉਸ ਤੇ ਗਹਿਰਾ ਪ੍ਰਭਾਵ ਰਹਿੰਦਾ ਹੈ। ਗਰੀਬੀ 'ਚੋਂ ਉਠਿਆ ਅਧਿਆਪਕ ਹਾਲਤਾਂ ਅਨੁਸਾਰ ਡਰੂ ਕਿਸਮ ਦਾ ਰਹੇਗਾ। ਕੋਈ ਮੁਕਾਬਲਾ ਕਰ ਸਕਣ ਦੀ ਸਮਰਥਾ ਉਸ ਵਿਚ ਨਹੀਂ ਹੁੰਦੀ ਕਿਉਂਕਿ ਉਸ ਨੇ ਮਸਾਂ ਹੀ ਦੋ ਭਰਵੀਆਂ ਬੁਰਕੀਆਂ ਦਾ ਮੂੰਹ ਤੱਕਿਆ ਹੁੰਦਾ ਹੈ। ਇਸ ਦੇ ਉਲਟ ਤਕੜੇ ਘਰ ਦਾ ਅਧਿਆਪਕ ਬੇ-ਡਰ ਆਪਣੀਆਂ ਰੀਤੀਆਂ ਕੁਰੀਤੀਆਂ ਬੱਚਿਆਂ ਵਿਚ ਭਰਦਾ ਹੈ ਤੇ ਲਾਭ ਲੈਂਦਾ ਹੈ।

ਪਿੰਡਾਂ ਦੇ ਲੋਕ ਅਨਪੜ੍ਹ ਹਨ। ਉਹਨਾਂ ਨੂੰ ਬੜੇ ਆਰਾਮ ਨਾਲ ਧੋਖਾ ਦਿਤਾ ਜਾ ਸਕਦਾ ਹੈ। ਕਈ ਵਾਰ ਮਾੜੇ ਅਧਿਆਪਕ, ਆਪਣੀਆਂ ਕਰਤੂਤਾਂ ਛੁਪਾਉਣ ਲਈ ਚੰਗੇ ਅਧਿਆਪਕਾਂ ਦੀਆਂ ਸ਼ਿਕਾਇਤਾਂ ਪਿੰਡ ਵਿਚੋਂ ਕਰਵਾ ਦਿੰਦੇ ਹਨ। ਸ਼ਰਾਬ ਇਕ ਐਸੀ ਵਸਤੂ ਹੈ ਜੋ ਮਨੁੱਖ ਨੂੰ ਗ਼ਲਤ ਠੀਕ ਦਾ ਨਿਰਣਾ ਨਹੀਂ ਕਰਨ ਦਿੰਦੀ। ਇਸ ਦੀ ਸਾਂਝ ਕਿਸੇ ਤਰਫ ਵੀ ਮੌਤ ਕਟਵਾ ਸਕਦੀ ਹੈ। ਮਾੜੇ ਅਧਿਆਪਕ ਇਸ ਦੀ ਵਰਤੋਂ ਨਾਲ, ਚੰਗੇ ਅਧਿਆਪਕਾਂ ਸਾਹਮਣੇ ਮੁਸ਼ਕਲਾਂ ਪੈਦਾ ਕਰ ਦਿੰਦੇ ਹਨ ਤੇ ਉਹ ਭੁਗਤਦੇ ਫਿਰਦੇ ਹਨ। ਕਿਸੇ ਬੱਚੇ ਦਾ ਫੇਲ੍ਹ ਹੋਣਾ ਬਹੁਤੀ ਵਾਰ ਮਾਪੇ ਉਸ ਦਾ ਨਾਲਾਇਕ ਹੋਣਾ ਜਾਂ ਸਿਫਾਰਸ਼ੀ ਪਾਸ ਹੋਣਾ ਨਹੀਂ ਸਮਝਦੇ ਸਗੋਂ ਮਾੜਿਆਂ ਅਧਿਆਪਕਾਂ ਮਗਰ ਲੱਗ ਕੇ ਸਮਝਦੇ ਹਨ ਕਿ ਇਸ ਨੂੰ ਫਲਾਨੇ ਅਧਿਆਪਕ ਨੇ ਜਾਣ ਕੇ ਫੇਲ੍ਹ ਕੀਤਾ ਹੈ ਅਤੇ ਨਾਮਕ ਅਧਿਆਪਕ ਨੂੰ ਕਈ ਵਾਰ ਮਾਰ ਖਾਣੀ ਪੈਂਦੀ ਹੈ। ਏਵੇਂ ਹੀ ਪਿੰਡਾਂ ਵਿਚ ਰਾਜਨੀਤਕ ਦਲ ਹਨ। ਤੇ ਪੰਚਾਇਤਾ ਦਾ ਅਧਾਰ ਰਾਜਨੀਤੀ ਹੈ। ਇਹ ਧੜੇਬੰਦੀ ਆਮ ਕਰਕੇ ਸਕੂਲੀ ਜ਼ਿੰਦਗੀ ਲਈ ਮੁਸੀਬਤ ਬਣ ਜਾਂਦੀ ਹੈ। ਉਹ ਪੰਚਾਇਤਾਂ ਜਿਨ੍ਹਾਂ ਕਦੀ ਬਾਰ 'ਚੋਂ ਰੂੜੀਆ ਨਹੀਂ ਚੁਕੀਆਂ ਹੁੰਦੀਆਂ, ਜਿਨ੍ਹਾਂ ਕਦੀ ਚਿੱਕੜ ਨਾਲ ਭਰੇ ਖੱਡੇ ਨਹੀਂ ਪੂਰੇ ਹੁੰਦੇ, ਜਿਨ੍ਹਾਂ ਪਿੰਡ ਦਾ ਕਦੀ ਸੰਵਾਰਿਆ ਸੁਧਾਰਿਆ ਨਹੀਂ ਹੁੰਦਾ ਸਗੋਂ ਲੋਕਾਂ ਦਾ ਇਕੱਠਾ ਕੀਤਾ ਨਾਮਾਂ ਡਕਾਰ ਲਿਆ ਹੁੰਦਾ ਹੈ, ਸਕੂਲ ਆਣ ਕੇ ਅਧਿਆਪਕਾਂ ਨਾਲ ਉੱਚੀਆਂ ਨੀਂਵੀਆਂ ਹੁੰਦੀਆਂ ਹਨ। ਉਹਨਾਂ ਦੇ ਕੰਮਾਂ ਤੇ ਟਿਪਣੀਆਂ ਕਰਦੀਆਂ ਹਨ। ਉਹਨਾਂ ਦੀਆਂ ਸ਼ਿਕਾਇਤਾਂ ਕਰਕੇ ਪੜਤਾਲਾਂ ਕਰਾਉਂਦੀਆਂ ਹਨ। ਅੱਛੇ ਅਧਿਆਪਕ ਵੀ ਜਲੀਲ ਹੁੰਦੇ ਹਨ। ਜਿਹੜੀਆਂ ਪੰਚਾਇਤਾਂ ਬੇਲੋੜੇ ਧਾਰਮਕ ਸਥਾਨਾਂ 'ਤੇ ਲੱਖਾਂ ਰੁਪਏ ਖ਼ਰਚ ਕਰ ਦਿੰਦੀਆਂ ਹਨ ਉਹ ਸਕੂਲ ਦੇ ਇਕੱੜ ਦੁੱਕੜ ਕਮਰਿਆਂ ਦੀ ਮੁਰੰਮਤ ਵੀ ਨਹੀਂ ਕਰਾਕੇ ਦਿੰਦੀਆਂ।

ਏਸੇ ਤਰ੍ਹਾਂ, ਬੱਚੇ ਦੀ ਭਲਾਈ ਲਈ ਜਦੋਂ ਕੋਈ ਅਧਿਆਪਕ ਬੱਚੇ ਨੂੰ ਘੂਰ-ਘੱਪ ਦਿੰਦਾ ਹੈ ਤਾਂ ਉਹਨਾਂ ਦੀਆਂ ਮਾਵਾਂ ਮਾਸਟਰ ਦੀ ਧੀ ਦੀ, ਭੈਣ ਦੀ ਕਰਦੀਆਂ ਸਕੂਲ ਆ ਵੜਦੀਆਂ ਹਨ। ਮਜਬੂਰ ਅਧਿਆਪਕ ਗਾਲਾਂ ਸੁਣੀ ਜਾਂਦਾ ਹੈ ਅਤੇ ਆਪਣੇ ਹੀ ਬੱਚਿਆਂ ਵਿਚੋਂ ਉਸ ਨੂੰ ਨਮੋਸ਼ੀ ਦੇਖਣੀ ਪੈਂਦੀ ਹੈ।

ਜੇ ਅਧਿਆਪਕ ਕਿਸੇ ਘਰੋਂ ਮੁਲ ਦੇ ਅੰਡੇ, ਦੁੱਧ ਆਦਿ ਮੰਗਵਾ ਲੈਂਦੇ ਹਨ ਤਾਂ ਸੌ ਸੌ ਗੱਲਾਂ ਸੁਣਨੀਆਂ ਪੈਂਦੀਆਂ ਹਨ ਜਦੋਂ ਕਿ ਪਟਵਾਰੀ ਦੇ ਕਿੱਲੇ ਦਾ ਨੰਬਰ ਦੇਣ 'ਤੇ ਬੋਤਲ, ਮੁਰਗਾ, ਦਾਣੇ, ਪੱਠੇ, ਸਬਜ਼ੀ, ਉਸ ਦੇ ਘਰ ਪਹੁੰਚਾਣਾ, ਲੋਕ ਆਪਣਾ ਫ਼ਰਜ਼ ਸਮਝਦੇ ਹਨ। ਜੇ ਕੋਈ ਅਧਿਆਪਕ ਭੁੱਲਿਆ ਭਟਕਿਆ ਕਦੀ ਪਿੰਡ ਵਿਚ ਚਲਾ ਜਾਵੇ, ਤਾਂ ਲੋਕ ਉਸ ਨੂੰ ਅਜਨਬੀ ਤੋਂ ਵਧ ਕੁਝ ਨਹੀਂ ਮਹਿਸੂਸਦੇ ਸਗੋਂ ਬੱਚੇ ਵੀ ਦੂਜੀ ਗਲੀ ਖਿਸਕ ਜਾਂਦੇ ਹਨ। ਏਨਾ ਕੁ ਸਤਿਕਾਰ ਜੋ ਸਮਾਜ ਮਾਸਟਰ ਨੂੰ ਦਿੰਦਾ ਹੈ।

ਏਸੇ ਤਰ੍ਹਾਂ ਥਾਣਿਆਂ, ਕਚਹਿਰੀਆਂ, ਤਹਿਸੀਲਾਂ ਤੇ ਹੋਰ ਦਫ਼ਤਰਾਂ ਵਿਚੋਂ ਭੇਡਾਂ ਵਾਂਗ ਉੱਨ ਲੁਹਾਉਣ ਵਾਲੇ ਲੋਕ, ਬੱਚਿਆਂ ਦੀਆਂ ਮਾਮੂਲੀ ਫ਼ੀਸਾਂ ਪਿਛੇ ਅਧਿਆਪਕਾਂ ਨਾਲ ਖਹਿਬੜਦੇ ਆਮ ਵੇਖੇ ਜਾ ਸਕਦੇ ਹਨ। ਕੁਰਸੀ ਨਾ ਹੋਣ ਦੀ ਸੂਰਤ ਵਿਚ ਆਪ ਖੜ੍ਹਾ ਹੋਕੇ ਗੱਲ ਕਰਦਾ ਹੈ। ਤੇ ਬਿਨਾਂ ਕਿਸੇ ਵਲ-ਫੇਰ ਸਹੀ ਗੱਲ ਸਮਝਾਉਣ ਦਾ ਯਤਨ ਕਰਦਾ ਹੈ। ਜਿੰਨਾਂ ਉਹ ਬਾਹਰਲੇ ਪ੍ਰਾਣੀਆਂ ਦਾ ਸਤਿਕਾਰ ਕਰਦਾ ਹੈ ਉਸਤੋਂ ਕਿਤੇ ਜ਼ਿਆਦਾ ਉਸਦਾ ਨਿਰਾਦਰ ਉਹੀ ਲੋਕ ਕਰਦੇ ਹਨ।

ਹੁਣ ਅਸੀਂ ਇਸ ਗੱਲ ਵੱਲ ਆਉਂਦੇ ਹਾਂ ਕਿ ਅਧਿਆਪਕ ਸਰਕਾਰ ਦਾ ਇਕ ਅੰਗ ਹੈ ਇਕ ਪੁਰਜ਼ਾ ਹੈ। ਅਧਿਆਪਕ ਦੇ ਤਜਰਬੇ ਦੇ ਅਧਾਰ 'ਤੇ ਪ੍ਰਾਪਤ ਸਿੱਟਿਆਂ ਵਲੋਂ ਬੇਖ਼ਬਰ, ਅਧਿਆਪਕ ਦੀਆਂ ਮੁਸ਼ਕਲਾਂ ਤੋਂ ਬੇਧਿਆਨ ਸਰਕਾਰ ਤੇ ਮਹਿਕਮੇ ਵਲੋਂ ਉਸ ਲਈ ਨਵੇਂ ਤੋਂ ਨਵੇਂ ਆਦੇਸ਼ ਜਾਰੀ ਕੀਤੇ ਜਾਂਦੇ ਹਨ ਜੋ ਕਈ ਵਾਰ ਅਧਿਆਪਕ ਲਈ ਏਨੇ ਮਾਰੂ ਹੁੰਦੇ ਹਨ ਕਿ ਅਧਿਆਪਕ ਸਿਰ ਫੜ ਬੈਠਦਾ ਹੈ, ਜਿਵੇਂ ਅਧਿਆ-ਪਕਾਂ ਨੂੰ ਪੱਕੇ ਕਰਨ ਸਮੇਂ, ਫਜ਼ੂਲ ਸ਼ਰਤੀਆਂ ਕੀਤੀਆਂ ਜਾਂਦੀਆਂ ਅੜਚਣਾਂ। ਤੇ ਕੇਸਾਂ ਨੂੰ ਵਰ੍ਹਿਆਂ ਬੱਧੀ ਲਟਕਾਈ ਜਾਣਾ।

ਇਸਤੋਂ ਇਲਾਵਾ ਉਹ ਅਧਿਕਾਰੀ ਜਿਨ੍ਹਾਂ ਨੇ ਅਨੇਕ ਗਰਾਂਟਾਂ ਸਕੂਲਾਂ ਨੂੰ ਮਾੜਾ ਤੇ ਘਟੀਆ ਮਾਲ ਸਪਲਾਈ ਕਰਕੇ ਛਕੀਆਂ ਹੁੰਦੀਆਂ ਹਨ, ਸਕੂਲਾਂ ਤੇ ਛਾਪੇ ਮਾਰਦੇ ਹਨ। ਅਧਿਆਪਕਾਂ ਨੂੰ ਲੇਟ ਫੜਦੇ ਹਨ।

ਉਹਨਾਂ ਨੂੰ ਪੀਰਡਾਂ ਤੋਂ ਗੈਰ ਹਾਜ਼ਰ ਕਰਦੇ ਹਨ । ਉਹਨਾਂ ਦੀਆਂ ਤਰੱਕੀਆਂ ਰੋਕੀਆਂ ਜਾਂਦੀਆਂ ਹਨ । ਜਦੋਂ ਕਿ ਉਹਨਾਂ ਦੇ ਆਪਣੇ ਦਫਤਰਾਂ ਵਿਚ ਹਨ੍ਹੇਰਾ ਹੀ ਹਨ੍ਹੇਰਾ ਹੈ । ਜਿੰਨ੍ਹਾਂ ਦੀ ਕੋਈ ਪਹੁੰਚ ਨਹੀਂ ਹੁੰਦੀ ਉਹ ਰਗੜੇ ਜਾਂਦੇ ਹਨ ਤੇ ਬਾਕੀ ਪੁੰਝਾ ਛੁਡਵਾ ਜਾਂਦੇ ਹਨ । ਚੰਗੇ ਅਧਿਆਪਕ ਜੋ ਵਿਦਿਆਰਥੀਆਂ ਦੀ ਭਲਾਈ ਵੀ ਕਰਦੇ ਹਨ ਤੇ ਆਪਣੇ ਵਰਗ ਦੇ ਹੱਕਾਂ ਲਈ ਵੀ ਲੜਦੇ ਹਨ ਉਹਨਾਂ ਦੀਆਂ ਦੂਰ ਦੂਰ ਬਦਲੀਆਂ ਕਰ ਦਿਤੀਆਂ ਹਨ ।

ਅਧਿਆਪਕ ਦਫਤਰ ਜਾਂਦਾ ਹੈ ਤਾਂ ਮੈਟਰਿਕ ਪਾਸ ਅਸਲੋਂ ਜੂਨੀਅਰ ਕਰਮਚਾਰੀ ਉੱਚ ਪਾਏ ਦੇ ਅਧਿਆ-ਪਕ ਦੇ ਟੁੱਟ ਕੇ ਗਲ ਪੈਣ ਤਾਈਂ ਜਾਂਦਾ ਹੈ । ਸਾਰਾ ਦਫਤਰੀ ਅਮਲਾ ਅਧਿਆਪਕ ਨੂੰ ਸਿੱਧੇ ਮੂੰਹ ਨਹੀਂ ਵੇਖਦਾ । ਜਿਵੇਂ ਇਹਨਾਂ 'ਚੋਂ ਉਹਨਾਂ ਨੂੰ ਸੂਨ ਆਉਂਦੀ ਹੋਵੇ । ਤਰੱਕੀ ਲਵਾਉਣੀ ਹੋਵੇ, ਕੋਈ ਕਾਗਜ਼ ਕਢਾਉਣਾ ਹੋਵੇ, ਯੋਗਤਾ ਦੀ ਉੱਚੀ ਕੰਧ ਟੱਪਣੀ ਹੋਵੇ, ਮਿੰਨਤਾਂ ਕਰੋ, ਮਗਰ ਮਗਰ ਫਿਰੋ ਨੀਲੇ ਕਾਗਜ਼ ਦਾ ਖੜਕਾ ਕਰੋ ਤਾਂ ਜਾ ਕੇ ਕੋਈ ਕੰਮ ਦੀ ਗੱਲ ਹੁੰਦੀ ਹੈ । ਅਧਿਆਪਕ ਦੇ ਕੰਮਾਂ ਵਿਚ ਘੁੰਡੀਆਂ ਨਹੀਂ ਘੁਣਤਰਾਂ ਪਾਈਆਂ ਜਾਂਦੀਆਂ ਹਨ । ਤਾਂ ਜੋ ਅਧਿਆਪਕ ਰਿੰਗ ਕੇ ਸੀਲ ਗਾਂ ਵਾਂਗੂੰ ਖੜੋਵੇ । ਹੁਣ ਤਾਂ ਬਹੁਤੇ ਸਕੂਲਾਂ ਦੇ ਮੁਖੀ ਅਤੇ ਕਲਰਕ ਵੀ ਅਜਿਹਾ ਹੀ ਕਰਨ ਲੱਗ ਪਏ ਹਨ । ਆਸ਼ੇ ਅਨੁਸਾਰ ਮੁਸ਼ਕਲਾਂ ਹੱਲ ਹੋਣ ਦੀ ਥਾਂ ਵਧਣ ਲੱਗ ਪਈਆਂ ਹਨ ।

ਸ਼ਹਿਰਾਂ ਦਾ ਕਰਮਚਾਰੀ ਤਬਕਾ ਆਪਣੇ ਘਰਾਂ 'ਚ ਰਹਿੰਦਾ ਹੈ ਮਕਾਨ ਕਿਰਾਏ ਤੇ ਵੀ ਦਿੰਦਾ ਹੈ, ਮਕਾਨ ਦਾ ਕਿਰਾਇਆ ਭੱਤਾ ਵੀ ਲੈਂਦਾ ਹੈ ਤੇ ਹੋਰ ਕਾਰੋਬਾਰ ਵੀ ਚਲਾਉਂਦਾ ਹੈ । ਸਰਕਾਰੀ ਕੁਆਟਰਾਂ 'ਚ ਰਹਿੰਦਾ ਹੈ, ਮੈਡੀਕਲ ਭੱਤਾ ਵੀ ਤਨਖਾਹਾਂ ਦੇ ਬਰਾਬਰ ਕਢਵਾ ਲਿਆ ਜਾਂਦਾ ਹੈ ਤੇ ਦੂਜੇ ਪਾਸੇ ਵਿਚਾਰਾ ਅਧਿਆਪਕ ਹੈ ਜੋ ਪਿੰਡਾਂ ਦੇ ਬੇਸਹੂਲਤੇ ਮਹੌਲ ਵਿਚ ਮੁਸ਼ਕਲਾਂ ਕਟਦਾ ਹੈ । ਕੋਈ ਅਨੰਦ ਨਹੀਂ ਕੋਈ ਮਨੋਰੰਜਨ ਨਹੀਂ । ਕੋਈ ਸਰਕਾਰੀ ਕੁਆਟਰ ਨਹੀਂ । ਕੋਈ ਪੇਂਡੂ ਭੱਤਾ ਨਹੀਂ । ਬੱਸਾਂ ਦੀਆਂ ਸਮਾਂ ਬੱਧ ਸਹੂਲਤਾਂ ਨਹੀਂ । ਪਛੜਿਆਂ ਇਲਾਕਿਆਂ ਵਿਚੋਂ ਤਾਂ ਪੰਜ ਪੰਜ ਸੱਤ ਸੱਤ ਮੀਲ ਦੂਰ ਸੜਕਾਂ ਹਨ ਜਿਥੋਂ ਕੋਈ ਟਾਵੀਂ ਟੱਲੀ ਬੱਸ ਮਿਲਦੀ ਹੈ । ਇਕ ਇਕ, ਦੋ ਦੋ ਕਮਰਿਆਂ ਦੇ ਹਾਈ ਸਕੂਲ ਹਨ । ਪ੍ਰਾਇਮਰੀ ਮਿਡਲਾਂ ਦਾ ਹਾਲ ਤਾਂ ਰੱਬ ਈ ਜਾਣਦੈ ।

ਤੇ ਫਿਰ ਸਹੂਲਤਾਂ ਬਾਝੋਂ ਅਧਿਆਪਕ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਕੌਮ ਦਾ ਨਿਰਮਾਣ ਕਰੇ !!!!!!

ਫਿਰ ਉਹ ਤੁਛ ਜਿਹੀਆਂ ਸਹੂਲਤਾਂ ਜਿਹੜੀਆਂ ਕਦੀ ਕਦਾਈ ਸਰਕਾਰ ਵਲੋਂ ਮਿਲਦੀਆਂ ਸਨ, ਨੂੰ ਅੰਤਮ ਰੂਪ ਵਿਚ ਪ੍ਰਾਪਤ ਕਰਨ ਲਈ ਅਧਿਆਪਕ ਨੂੰ ਮਹਿਕਮੇਂ ਨਾਲ ਸੰਘਰਸ਼ ਕਰਨਾ ਪੈਂਦਾ ਹੈ । ਜ਼ਿੰਦਾਬਾਦ ਮੁਰਦਾਬਾਦ ਕਰਨੀ ਪੈਂਦੀ ਹੈ । ਡਾਂਗਾਂ ਖਾਣੀਆਂ ਪੈਂਦੀਆਂ ਹਨ, ਜੇਲ੍ਹਾਂ ਕੱਟਣੀਆਂ ਪੈਂਦੀਆਂ ਹਨ ।

ਦੂਜੇ ਪਾਸੇ ਲੋਕਾਂ ਦੀ, ਲੋਕਾਂ ਦੁਆਰਾ ਤੇ ਲੋਕਾਂ ਲਈ ? ਚੁਣੀ ਸਰਕਾਰ ਹੈ ਜੋ ਲੋੜਾਂ ਅਨੁਸਾਰ ਅਧਿ-ਆਪਕਾਂ ਦੀ ਬੇਹਤਰੀ ਲਈ ਬਿਆਨ ਦਾਗਦੀ ਰਹਿੰਦੀ ਹੈ । 'ਤੇ ਸਮਾਂ ਪਾ ਕੇ ਉਹ ਬਿਆਨ ਲੂਣ ਦੀ ਢੇਰੀ 'ਚ ਰਲ ਜਾਂਦੇ ਹਨ, ਜਿਵੇਂ ਅਧਿਆਪਕਾਂ ਦੇ ਬੱਚਿਆਂ ਨੂੰ ਮੁਫਤ ਵਿਦਿਆ । ਪੇਂਡੂ ਭੱਤਾ, ਸਕੂਲਾਂ ਨੂੰ ਨਵੀਆਂ ਇਮਾਰਤਾਂ, ਹਰ ਸਕੂਲ ਨੂੰ ਡੈਸਕਾਂ ਦਾ ਪ੍ਰਬੰਧ, ਚੰਗੇ ਅਧਿਆਪਕਾਂ ਨੂੰ ਮਾਣ ਪੱਤਰ, ਕੋਈ ਆਰਥਕ ਲਾਭ ।

ਇਸ ਤੋਂ ਇਲਾਵਾ ਅਧਿਆਪਕਾਂ ਨੂੰ ਪਾੜਨਾ ਤੇ ਧੜੇਬੰਦੀ ਕਾਇਮ ਕਰਨੀ ਰਾਜਨੀਤੀ ਦਾ ਕੰਮ ਰਿਹਾ ਹੈ । ਕਲਾਸੀਕਲ ਅਧਿਆਪਕਾਂ ਨੂੰ ਚੰਗਾ ਗਰੇਡ ਦੇ ਕੇ ਖੁਸ਼ੀ ਖੁਸ਼ੀ ਭਰਿਆ ਕੰਮ ਕੀਤਾ, ਪਰ ਦੂਜੇ ਪਾਸੇ ਮਿਹਨਤੀ ਤੇ ਵੱਧ ਜ਼ੁੰਮੇਵਾਰ, ਵੱਧ ਪੜੇ ਬੀ ਐਡ ਅਧਿਆਪਕ ਨਾਲ ਮਤੇਈ ਨਾਲੋਂ ਵੀ ਭੈੜਾ ਸਲੂਕ ਕੀਤਾ । ਉਹਨਾਂ ਨੂੰ ਅਜਿਹੇ ਖੂੰਝੇ ਲਾਇਆ ਤਾਂ ਜੋ ਉਹ ਨਿਰਾਸ਼ ਹੋ ਕੇ ਲੀਰੜ ਹੋ ਜਾਣ । ਜੋ ਕਰਦੇ ਹਨ ਉਹ ਵੀ ਛੱਡ ਜਾਣ ਏਸੇ ਤਰ੍ਹਾਂ ਮੁੱਖ ਅਧਿਆਪਕ ਨੂੰ ਸਪੈਸ਼ਲ, ਤਨਖਾਹ ਦੇਣ ਦੀ ਥਾਂ ਲੈਕਚਰਰ ਦਾ ਗਰੇਡ ਹੀ ਘਟਾ ਦਿੱਤਾ । ਏਸੇ ਤਰ੍ਹਾਂ ਗਿਆਨੀ ਪ੍ਰਭਾਕਰ ਜੇ. ਬੀ. ਟੀ. ਨੂੰ ਤਾਂ ਉਤਲਾ ਗਰੇਡ ਦੇ ਦਿੱਤਾ ਪਰ ਐਮ. ਏ. ਅਧਿਆਪਕ ਨੂੰ ਠੂੰਠਾ ਵਿਖਾ ਦਿੱਤਾ ।

ਕੀ ਰਾਜਨੀਤੀ ਨੇਤਾ ਸੱਚ ਮੁੱਚ ਹੀ ਇਹ ਚਾਹੁੰਦੇ ਹਨ ਕਿ ਉਹਨਾਂ ਦੇ ਏਨਾ 'ਭਲਾ' ਕਰਨ ਤੇ ਵੀ ਅਧਿ-ਆਪਕ ਕੌਮ ਦਾ ਨਿਰਮਾਣ ਕਰਨਗੇ ? ਜਦੋਂ ਵੀ ਅਧਿਆਪਕ ਨੇਤਾਵਾਂ ਨਾਲ ਬੈਠਕੇ ਕੋਈ ਫੈਸਲੇ ਲੈਂਦੇ ਹਨ ਤਾਂ ਉਹਨਾਂ ਦੇ ਕਮਰਿਉਂ ਬਾਹਰ ਨਿਕਲਣ ਤੇ ਹੀ ਸਭ ਕੁਝ ਭੁੱਲ ਭਲ ਜਾਂਦਾ ਹੈ । ਤੇ ਫਿਰ ਇਹ ਵੀ ਚਾਹਿਆ ਜਾਂਦਾ ਹੈ ਕਿ ਅਧਿਆਪਕ ਇਮਾਨ ਨਾਲ ਆਪਣਾ ਫਰਜ਼ ਪਾਲੇ । ਤੇ ਉਹ ਅਧਿਆਪਕ ਜਿਸਦੀ ਥਾਣੇ 'ਚ, ਕਚਹਿਰੀ 'ਚ, ਆਪਣੇ ਬਿਗਾਨੇ ਸਭ ਦਫਤਰਾਂ ਵਿਚ ਕਦਰ ਜ਼ੀਰੋ ਹੈ ਜ਼ੀਰੋ ।

ਇਸ ਤੋਂ ਬਿਨਾਂ ਅਧਿਆਪਕ ਦੀ ਸਕੂਲ ਖੇਤਰ ਵਿਚ ਕੀ ਕਦਰ ਹੈ । ਇਸ ਬਾਰੇ ਅਸੀਂ ਸਭ ਜਾਣੂ ਹਾਂ । ਪਰੰਤੂ ਕੁਝ ਹੱਦ ਤੀਕ ਇਸ ਗੱਲ ਲਈ ਅਧਿਆਪਕ ਆਪ ਜ਼ਿੰਮੇਵਾਰ ਹੈ ।

ਅਧਿਆਪਕ ਸਕੂਲ ਆਉਂਦਾ ਹੈ ਇੱਕੜ ਦੁੱਕੜ ਬੱਚਿਆਂ ਤੋਂ ਸਿਵਾ ਕੋਈ ਉਸਨੂੰ ਸ਼ੁਭ ਕਾਮਨਾ ਨਹੀਂ ਕਰਦਾ। ਨਮਸਤੇ ਨਹੀਂ ਕਰਦਾ। ਜਮਾਤ 'ਚ ਜਾਂਦਾ ਹੈ ਤਾਂ ਬੱਚੇ ਕੁੱਝ ਉਠਦੇ ਹਨ ਕੁਝ ਬੈਠੇ ਰਹਿੰਦੇ ਹਨ। ਜਿਹੜੇ ਖੜ੍ਹਦੇ ਹਨ ਜਿਵੇਂ ਕੋਈ ਮਜਬੂਰੀ ਹੋਵੇ ਨਹੀਂ ਤਾਂ...। ਅਧਿਆਪਕ ਦੇ ਬੈਠਿਆਂ ਹੀ ਬੱਚੇ ਲੜਦੇ ਰਹਿੰਦੇ ਹਨ। ਕੋਈ ਪ੍ਰਵਾਹ ਨਹੀਂ ਹੁੰਦੀ ਉਹਨਾਂ ਨੂੰ। ਇਸਦਾ ਮੂਲ ਕਾਰਨ ਅਧਿਆਪਕ ਆਪ ਵੀ ਹਨ। ਉਹ ਆਪਸ ਵਿਚ ਸੌੜੇ ਹਿਤਾਂ ਲਈ ਟੱਕਰਦੇ ਹਨ। ਇਕ ਦੂਜੇ ਦੀਆਂ ਸ਼ਿਕਾਇਤਾਂ ਕਰਦੇ ਕਰਾਉਂਦੇ ਹਨ। ਲੋਕਾਂ 'ਚ ਬਹਿ ਕੇ, ਵਿਦਿਆਰਥੀਆਂ ਸਾਹਮਣੇ ਪੜਤਾਲਾਂ ਹੁੰਦੀਆਂ ਹਨ। ਇਕ ਦੂਜੇ ਦੇ ਭਾਂਡੇ ਫੋੜ੍ਹੇ ਜਾਂਦੇ ਹਨ। ਕੁਝ ਹੱਦ ਤੀਕ ਮੁਲਾਜ਼ਮ ਜਥੇਬੰਦੀਆਂ ਦਾ ਵੀ ਹੱਥ ਹੁੰਦਾ ਹੈ। ਜੋ ਆਪਣੀ ਸਾਖ ਨੂੰ ਕਾਇਮ ਰੱਖਣ ਲਈ, ਗਲਤ ਠੀਕ ਦੀ ਸਮਝ ਬਿਨਾਂ ਹੀ ਮੱਦਤ ਕਰੀ ਜਾਂਦੀਆਂ ਹਨ। ਵਿਰੋਧ ਕਰੀ ਜਾਂਦੀਆਂ ਹਨ। ਇਕ ਦੂਜੀ ਜਥੇਬੰਦੀ ਦੇ ਅਧਿਆਪਕ ਆਪਸ ਵਿਚ ਟਕਰਾਉਂਦੇ ਤੇ ਚਿੱਕੜ ਉਛਾਲੀ ਕਰਦੇ ਹਨ। ਕਈ ਵਾਰ ਕੇਸ ਨੂੰ ਗਰੁੱਪ ਨਾਲ ਖਾਹਮਖਾਹ ਹੀ ਬੰਨ੍ਹ ਲਿਆ ਜਾਂਦਾ ਹੈ। ਏਥੋਂ ਤੱਕ ਕਿ ਅਧਿਆਪਕ ਆਪ, ਦੂਜੇ ਅਧਿਆਪਕ ਦਾ ਸਤਿਕਾਰ ਕਰਨ ਤੋਂ ਬੱਚਿਆਂ ਨੂੰ ਵਰਜਦੇ ਹਨ। ਇਹ ਹੁੱਜਤਾਂ ਸਕੂਲਾਂ ਦੇ ਪੀਅਨਾਂ ਜਾਂ ਕਲਰਕਾਂ ਰਾਹੀਂ ਵੀ ਕੀਤੀਆਂ ਜਾਂਦੀਆਂ ਹਨ। ਪੀਅਨ ਇਕ ਧਿਰ ਨਾਲ ਜੁੜਕੇ ਦੂਜਿਆਂ ਦਾ ਨਿਰਾਦਰ ਕਰਦਾ ਹੈ। ਕਈ ਵਾਰ ਮੁੱਖ ਅਧਿਆਪਕ ਵੀ ਇਸ ਕੰਮ ਨੂੰ ਸ਼ਹਿ ਦਿੰਦਾ ਹੈ। ਪੀਅਨਾਂ ਨੂੰ ਕਿਸੇ ਧੜੇ ਦਾ ਸਤਿਕਾਰ ਕਰਨ ਤੋਂ ਵਰਜਦਾ ਹੈ। ਆਪਸੀ ਲੜਾਈ ਦਾ ਕਾਰਨ ਕਲਰਕ ਵੀ ਬਣਦਾ ਹੈ। ਜਿਵੇਂ ਕਿਸੇ ਦੀ ਤਰੱਕੀ ਲਾ ਦਿਤੀ। ਕਿਸੇ ਦੀ ਟਰਕਾ ਦਿਤੀ। ਕਿਸੇ ਦਾ ਬਿੱਲ ਕਢਵਾ ਲਿਆਂਦਾ ਕਿਸੇ ਤੇ ਇਤਰਾਜ਼ ਲਗਵਾ ਲਿਆਂਦਾ। ਜਿਸ ਨੇ ਹੱਥ ਝਾੜ ਦਿੱਤਾ ਉਸਦਾ ਹੋ ਗਿਆ ਦੂਜਾ ਤੁਰਿਆ ਫਿਰੇ। ਇਸ ਤਰ੍ਹਾਂ ਤੂੰ ਤੂੰ ਮੈਂ ਮੈਂ ਹੁੰਦੀ ਹੈ ਤੇ ਬੱਚੇ ਤਮਾਸ਼ਾ ਵੇਖਦੇ ਹਨ ਤੇ ਘਰ ਘਰ ਪਰਚਾਰ ਹੁੰਦਾ ਹੈ। (ਅਧਿਆ-ਪਕਾਂ ਵਿਚਕਾਰ ਆਪਸੀ ਖਹਿਬਾਜੀ ਦਾ ਮੁੱਖ ਕਾਰਨ ਬੁਰਾਈ ਤੇ ਚੰਗਿਆਈ ਨੂੰ ਬਰਕਰਾਰ ਰੱਖਣ ਵਿਚ ਹੀ ਹੁੰਦੀ ਹੈ ਜੋ ਦੂਜੇ ਕਿਸੇ ਵੀ ਦਫਤਰ ਵਿਚ ਨਹੀਂ ਹੁੰਦੀ ਕਿਉਂਕਿ ਦਫਤਰਾਂ ਵਿਚ ਤਕਰੀਬਨ ਇਕੋ ਕਿਸਮ ਦਾ ਵਰਗ ਹੈ ਪਰ ਸਕੂਲਾਂ ਵਿਚ ਦੋ ਕਿਸਮ ਦਾ)।

ਇਸਤੋਂ ਬਿਨਾਂ ਅਧਿਆਪਕ ਦੀ ਬੇਜ਼ਤੀ ਦਾ ਕਾਰਨ ਉਹ ਅਧਿਆਪਕ ਵੀ ਬਣਦੇ ਹਨ ਜੋ ਨੈਤਕ ਕੀਮਤਾਂ ਨੂੰ ਭੰਨ ਦਿੰਦੇ ਹਨ। ਮਰਦ ਅਧਿਆਪਕਾਂ ਤੇ ਔਰਤ ਅਧਿਆਪਕਾਂ ਦੀ ਲਿੰਗਨ ਨੇੜਤਾ ਜਾਂ ਇੱਛਾ ਸਕੂਲ ਦੇ ਮਹੌਲ ਨੂੰ ਗੰਦਾ ਕਰਦੀ ਹੈ। ਇਹ ਗੈਰ ਸਬੰਧ ਵੀ ਕਿਤੇ ਕਿਤੇ ਨਿਰਾਦਰੀ ਦਾ ਕਾਰਨ ਬਣਦੇ ਹਨ। ਏਸੇ ਤਰ੍ਹਾਂ ਕੁਝ ਹੋਰ ਕਾਰਨ ਵੀ ਹਨ। ਜਿਵੇਂ ਇਸਤਰੀਆਂ ਅਧਿਆਪਕਾਂ ਦਾ ਜਮਾਤਾਂ ਵਿਚ ਹੀ ਸਵੈਟਰ ਬੁਣੀ ਜਾਣਾਂ ਜਾਂ ਦੋ ਦੋ ਕੁਰਸੀਆਂ ਤੇ ਲੱਤਾਂ ਨਿਸਾਲ ਕੇ ਬੈਠੇ ਰਹਿਣਾ। ਤੇ ਬੱਚਿਆਂ ਨੂੰ ਬੇਲੋੜਾ ਖੇਡਣ ਲਾ ਛੱਡਣਾ। ਦੋ ਦੋ ਘੰਟੇ ਪਿਛੋਂ ਸਕੂਲ ਆਉਣਾ ਸਮੇਂ ਤੋਂ ਪਹਿਲਾਂ ਘਰ ਮੁੜ ਜਾਣਾ। ਫਰਲੋਆਂ ਮਾਰਨੀਆਂ। ਅਫਸਰਾਂ ਦੇ ਰਸੂਖ ਦਾ ਨਜਾਇਜ਼ ਫਾਇਦਾ ਉਠਾਉਣਾ। ਇਸ ਤਰ੍ਹਾਂ ਦਾ ਵਾਤਾਵਰਨ ਪ੍ਰਾਇਮਰੀ ਤੇ ਤੇ ਮਿਡਲ ਸਕੂਲਾਂ ਵਿਚ ਆਮ ਕਰਕੇ ਵੇਖਿਆ ਜਾ ਸਕਦਾ ਹੈ।

ਅੰਤ ਨਿਚੋੜ ਵਿਚ ਕਿਹਾ ਜਾ ਸਕਦਾ ਹੈ ਕਿ ਆਪਣੇ ਨਿਰਾਦਰ ਲਈ ਜਿਥੇ ਖੁਦ ਅਧਿਆਪਕ ਜ਼ਿੰਮੇਵਾਰ ਹੈ ਉਥੇ ਭ੍ਰਸ਼ਟਿਆ ਹੋਇਆ ਰਾਜਨੀਤਕ ਤੇ ਸਮਾਜਕ ਢਾਂਚਾ ਵੀ ਜ਼ਿੰਮੇਵਾਰ ਹੈ।

ਜਦੋਂ ਭ੍ਰਸ਼ਟ ਲੋਕ, ਹਰ ਕਦਰ ਕੀਮਤ ਤੋਂ ਗਿਰ ਗਏ ਲੋਕ, ਇਹ ਉਮੀਦ ਕਰਦੇ ਹਨ ਕਿ ਅਧਿਆਪਕ ਸਹੀ ਰਾਹ 'ਤੇ ਚਲੇ, ਉਹ ਮੁਸ਼ਕਲਾਂ ਸਹਿੰਦਾ, ਭੁੱਖਾ ਮਰਦਾ ਉੱਖਲੀ 'ਚ ਸਿਰਦੇਈ ਕੌਮ ਦਾ ਨਿਰਮਾਣ ਕਰੀ ਜਾਵੇ ਤਾਂ ਇਸਤੋਂ ਵੱਡੀ ਮੂਰਖਤਾ ਇਤਿਹਾਸ ਵਿਚੋਂ ਨਹੀਂ ਲਭਦੀ। ਕੁਚੱਜੀ ਰਾਜਨੀਤੀ ਨੇ ਮਗਰ ਲਾਏ ਲੋਕ ਕਿਵੇਂ ਸੋਚ ਸਕਦੇ ਹਨ ਕਿ ਅਧਿਆਪਕ ਦਾ ਸਤਿਕਾਰ ਇਕ ਪਰਮੋ ਧਰਮ ਹੈ ਤੇ ਏਸੇ ਰਾਜਨੀਤੀ ਦੇ ਚੇਲੇ ਬਾਲਕ ਅਧਿਆਪਕ ਇਹ ਕਿਵੇਂ ਸੋਚ ਸਕਦੇ ਹਨ ਕਿ ਉਹਨਾਂ ਉਪਰ ਮਨੁਖੀ ਸਮਾਜ ਦੀ ਵੱਡੀ ਜ਼ੁੰਮੇਵਾਰੀ ਹੈ ਜੋ ਪਵਿਤਰ ਹੈ ਪਾਕ ਹੈ। ਤੇ ਉਹ ਬੱਚੇ ਜਿੰਨ੍ਹਾਂ ਦਾ ਆਪਣਾ ਭਾਰ ਝੱਲਿਆਂ ਤੋਂ ਕਿਤੇ ਘੱਟ ਹੁੰਦਾ ਹੈ। ਨੌਆਂ ਪੀਰੜਾਂ 'ਚ ਲਗਾਤਾਰ ਪੈਂਦੇ ਥੱਪੜਾਂ ਦੀ ਪੀੜ ਸਹਿਕੇ ਅਧਿਆਪਕ ਦਾ ਸਤਿਕਾਰ ਕਦੋਂ ਕਰਨਗੇ।

ਦੂਜੇ ਪਾਸੇ ਇਹ ਵੀ ਅਟੱਲ ਸੱਚਾਈ ਹੈ ਕਿ ਚਾਹੇ ਕੋਈ ਪੂੰਜੀਵਾਦੀ ਦੇਸ਼ ਹੋਵੇ ਤੇ ਚਾਹੇ ਸਮਾਜਵਾਦੀ, ਜਿਥੇ ਅਧਿਆਪਕ ਦਾ ਸਤਿਕਾਰ ਨਹੀਂ ਉਥੇ ਕਿਸੇ ਬੰਦੇ ਤੋਂ ਚੰਗਾ ਨਾਗਰਿਕ ਹੋਣ ਦੀ ਸੰਭਾਵਨਾਂ ਬਣਾਉਣੀ ਨਿਰੋਲ ਪਾਗਲਪਣ ਹੈ। ਜਿਥੇ ਚੰਗੇ ਨਾਗਰਿਕ ਨਹੀਂ ਬਣਦੇ ਉਥੇ ਚੰਗੀ ਸੁਚੱਜੀ ਕੌਮ ਕਿਵੇਂ ਉਸਰੇਗੀ। 'ਤੇ ਦੇਸ਼ ਦਾ ਨਿਰਮਾਣ ਕਿਵੇਂ ਹੋ ਸਕੇਗਾ।

ਫਿਰ ਦੋਸਤੋ ਤੁਸੀਂ ਮੇਰੇ ਤੋਂ ਇਸਦਾ ਹੱਲ ਪੁੱਛੋਗੇ। ਇਸਦਾ ਹੱਲ ਤਾਂ 'ਇਕੋ' ਹੈ। ਥਲਿਓਂ ਉਪਰ ਠੀਕ ਦਰੁਸਤ ਤਬਦੀਲੀ। —ਗੁ. ਸ.

## ਵਿਦਿਆ ਵਿਚਾਰੀ–ਪਰਾਏ ਅਧਿਕਾਰੀ

ਪਿਛਲੇ ਕਾਫ਼ੀ ਸਮੇਂ ਤੋਂ ਪੰਜਾਬੀ ਟਰਿਬਿਊਨ ਸਿਖਿਆ ਸੰਚਾਰ ਦੇ ਕਾਲਮ ਵਿਚ ਅਧਿਆਪਕਾਂ, ਸਕੂਲਾਂ, ਵਿਦਿਆ ਸਬੰਧੀ ਸਮੱਸਿਆਵਾਂ ਬਾਰੇ ਆਮ ਤੌਰ ਨਾਂਹ-ਪੱਖੀ ਕਈ ਵਾਰ ਅਧਿਆਪਕ ਵਿਰੋਧੀ ਪੱਖਾਂ ਨੂੰ ਸਰਕਾਰੀ ਬਿਆਨਾਂ ਮੁਤਾਬਕ ਛਾਪਦਾ ਆ ਰਿਹਾ ਹੈ। ਉਹ ਅੱਜ ਦੇ ਅਧਿਆਪਕ ਤੋਂ ਆਸ ਕਰਦਾ ਕਿ ਉਹ ਪੁਰਾਤਨ ਦਰੋਣਾਚਾਰੀਆ ਬਣ ਕੇ ਹਾਕਮ ਜਮਾਤਾਂ ਦੀ ਸੇਵਾ ਕਰੇ ਜਿਵੇਂ ਦਰੋਣਾ ਚਾਰੀਆ ਨੇ ਆਪਦੇ ਮਾਲਕਾਂ ਨੂੰ ਸਿਖਾਇਆ ਰਾਜ ਕਿਵੇਂ ਕਰਨਾ, ਲੋਕਾਂ ਨੂੰ ਲੁੱਟਣਾ ਕਿਵੇਂ ਹੈ, ਤੇ ਲੋਕਾਂ ਨੂੰ ਦਬਾਉਣਾ ਕਿਵੇਂ ਹੈ। ਇਹ ਤੁਲਣਾ ਕਿਵੇਂ ਵੀ ਵਾਜਬ ਨਹੀਂ ਭਾਵੇਂ ਅਧਿਆਪਕਾਂ ਵਿਚ ਕਮਜ਼ੋਰੀਆਂ ਬਹੁਤ ਹੋ ਗਈਆਂ ਪਰ ਇਨ੍ਹਾਂ ਦੀ ਜੜ੍ਹ ਕਿਥੇ ਹੈ, ਕੌਣ ਜ਼ੁਮੇਂਵਾਰ ਹੈ, ਇਸ ਨੂੰ ਪਿਛੇ ਛੱਡ ਦਿਤਾ ਜਾਂਦਾ ਹੈ ਫਿਰ ਵੀ ਮੈਂ ਇਕ ਗੱਲ ਨਾਲ ਸਹਿਮਤ ਹਾਂ ਵਿਦਿਆ ਤੇ ਅਧਿਆਪਕ ਦਾ ਸਮਾਜ ਨੂੰ ਬਦਲਣ ਵਿਚ ਮਹਤਵਪੂਰਨ ਰੋਲ ਹੈ। ਪਰ ਮੈਂ ਇਥੇ ਸਾਡੇ ਸਕੂਲਾਂ ਦੇ ਸਿਰਫ ਪ੍ਰਬੰਧਕੀ ਪੱਖ ਨੂੰ ਹਾਲ ਦੀ ਘੜੀ ਪੇਸ਼ ਕਰਨ ਦਾ ਯਤਨ ਕਰਾਂਗਾ ਇਸ ਦੇ ਦੂਜੇ ਪੱਖ ਸਬੇਲਸਾਂ ਦੇ ਗੈਰ ਵਿਗਿਆਨਕ ਪੱਖ, ਸਮਾਂ ਲੰਘਾ ਚੁਕੇ, ਪੱਛਮ ਪੱਖੀ ਤੇ ਗੁਲਾਮੀ ਹੰਢਾਉਂਦਾ ਸਲੇਬਸ ਦਾ ਤਕੜਾ ਹਿੱਸਾ ਬਾਰੇ, ਫਿਰ ਕਦੇ ਲਿਖਣ ਦਾ ਯਤਨ ਕਰਾਂਗਾ।

ਵਿਦਿਆ ਤੇ ਸਿਹਤ ਦੋ ਮਹੱਤਵਪੂਰਨ ਵਿਭਾਗ ਹਨ ਜਿਨ੍ਹਾਂ ਵਿਚ ਥੋੜ੍ਹੀ ਜਿਹੀ ਕੁਰੱਪਸ਼ਨ ਵੀ ਨਾ-ਮੁਆਫ਼ ਯੋਗ ਹੈ ਵਿਦਿਆ ਜਿਸ ਨੇ ਦੇਸ਼ ਦਾ ਭਵਿਖ ਨਿਸਚਤ ਕਰਨਾ ਹੁੰਦਾ, ਜਿਸ ਨੇ ਪੁਰਾਣੀ ਕਦਰਾਂ ਕੀਮਤਾਂ ਨੂੰ ਤੋੜ ਕੇ ਸਮਾਜ ਨੂੰ ਅੱਗੇ ਵਧਾਉਣਾ ਹੁੰਦਾ ਹੈ, ਦੇਸ਼ ਦੇ ਹਰ ਪੱਖੋਂ ਵਿਕਾਸ ਵਿਚ ਹਿੱਸਾ ਪਾਉਣਾ ਹੁੰਦਾ ਹੈ ਉਸ ਨਾਲ ਇਥੋਂ ਦੇ ਅਧਿਕਾਰੀਆਂ ਦੁਆਰਾ ਕਿਵੇਂ ਗੁਜ਼ਰਦੀ ਹੈ ਕੁਝ ਤੱਥਾਂ ਸਾਹਿਤ ਵਿਦਿਆ ਦਾ ਭੱਠਾ ਰਹੀ ਸਟੇਟ ਮਸ਼ੀਨਰੀ ਦੇ ਵਿਦਿਅਕ ਅੰਗਾਂ ਨੂੰ ਨੰਗਾ ਕਰਨ ਦਾ ਯਤਨ ਕਰਾਂਗਾ।

ਅਸੀਂ ਤਿੰਨਾਂ ਮਹੀਨਿਆਂ ਤੋਂ ਉਪ ਜ਼ਿਲਾ ਸਿਖਿਆ ਅਫਸਰ ਪ੍ਰਾਇਮਰੀ ਬਠਿੰਡਾ ਦੇ ਖਿਲਾਫ ਸੰਘਰਸ਼ ਕਰਦੇ ਆ ਰਹੇ ਹਾਂ ਸਾਡਾ ਇਹ ਸੰਘਰਸ਼ ਵੀ ਵਿਦਿਅਕ ਹਿੱਤਾਂ ਦੀ ਖਾਤਰ ਤੇ ਪੇਂਡੂ ਸਕੂਲਾਂ ਦੇ ਬੱਚਿਆਂ ਨਾਲ ਤੇ ਅਧਿਆਪਕਾਂ ਨਾਲ ਵੀ ਹੋਈ ਧੱਕੇਸ਼ਾਹੀ ਦੇ ਖਿਲਾਫ ਲੜਿਆ ਨਵੇਕਲਾ ਘੋਲ ਹੈ, ਮੈਂ ਯਤਨ ਕਰਾਂਗਾ ਜਿਹੜੀ ਸਰਕਾਰ ਤੇ ਉਸ ਦੇ ਵਿਦਿਅਕ ਅਧਿਕਾਰੀ ਵਿਦਿਅਕ ਮਿਆਰ ਉੱਚਾ ਚੁੱਕਣ ਦੀਆਂ ਗੱਲਾਂ ਕਰਦੇ ਨਹੀਂ ਥੱਕਦੇ ਅਸਲ ਵਿਚ ਕੀ ਵਾਪਰ ਰਿਹਾ ਹੈ।

ਜ਼ਿਲਾ ਬਠਿੰਡਾ ਵਿਚ ਡੀ. ਈ. ਓ. ਪ੍ਰਾਇਮਾਰੀ ਨੇ ਪਿਛਲੇ ਕੁਝ ਮਹੀਨਿਆਂ ਤੋਂ ਲਗਪਗ 65 ਪੋਸਟਾਂ ਸ਼ਿਫਟ ਕਰ ਦਿਤੀਆਂ ਜਿਨ੍ਹਾਂ ਵਿਚੋਂ 19 ਸਿਰਫ਼ ਨਿਰੋਲ ਸ਼ਹਿਰ ਬਠਿੰਡਾ ਵਿਚ ਸ਼ਿਫ਼ਟ ਕੀਤੀਆਂ ਗਈਆਂ ਤੇ ਇੰਨੀਆਂ ਹੀ ਹਾਊਸ ਰੈਂਟ ਵਰਗੀਆਂ ਹੋਰ ਚੰਗੀਆਂ ਥਾਵਾਂ ਤੇ। ਇਹ ਪੋਸਟਾਂ ਪੇਂਡੂ ਸਕੂਲਾਂ ਵਿਚੋਂ ਉਹ ਵੀ ਦੂਰ ਦੁਰਾਡੇ ਵਾਲੇ ਪੱਛੜੇ ਬਲਾਕਾਂ ਵਿਚੋਂ ਸ਼ਿਫ਼ਟ ਕੀਤੀਆਂ ਗਈਆਂ। ਸਰਕਾਰੀ ਹਦਾਇਤਾਂ ਕਿ ਕੋਈ ਪੋਸਟ ਸ਼ਹਿਰ ਵਿਚ ਸ਼ਿਫ਼ਟ ਨਹੀਂ ਕਰਨੀ। ਸ਼ਹਿਰ ਤੋਂ ਪਿੰਡ ਵਿਚ ਸ਼ਿਫਟ ਕੀਤੀ ਜਾ ਸਕਦੀ ਹੈ, ਉਹ ਹਦਾਇਤਾਂ ਕਿਥੇ ਗਈਆਂ। ਸਾਡੇ ਰੌਲਾ ਪਾਉਣ ਤੇ ਵੀ ਕਿਸੇ ਉਚ ਅਧਿਕਾਰੀ ਨੇ ਇਸ ਦਾ ਨੋਟਿਸ ਲਿਆ ਆਓ ਕੁਝ ਸਬੂਤ ਵੇਖੀਏ ਕੀ ਬੋਲਦੇ ਹਨ ਤੱਥ ਗਵਾਹਾਂ ਦੇ ਤੌਰ ਤੇ ਹਾਜ਼ਰ ਹਨ।

### ਸਬੂਤ ਹਾਜ਼ਰ ਹਨ

ਸਿੰਗਲ ਟੀਚਰ ਸਕੂਲ ਫਰੀਦ ਕੇ ਦੀ ਪੋਸਟ ਸ਼ਿਫਟ ਕਰਕੇ ਮੌੜ ਖੁਰਦ, ਸਾਨਸਾ ਕਲਾਂ ਜਿਥੇ ਬੱਚਿਆਂ ਦੀ ਗਿਣਤੀ 293 ਹੈ ਤੇ ਨਾਰਮਜ ਅਨੁਸਾਰ 7 ਪੋਸਟਾਂ ਬਣਦੀਆਂ ਹਨ ਉਥੇ ਮਨਜ਼ੂਰ ਸ਼ੁਦਾ 3 ਪੋਸਟਾਂ ਵਿਚੋਂ ਇਕ ਸ਼ਿਫਟ ਕਰ ਦਿਤੀ ਗਈ, ਮੂਸਾ ਤੋਂ ਇਕ ਪੋਸਟ ਸ਼ਿਫਟ ਕਰਕੇ 17 ਬੱਚਿਆਂ ਦੇ ਸਕੂਲ ਜਵਾਹਰਕੇ ਕੋਠੀ ਜਿਥੇ ਪਹਿਲਾਂ ਹੀ ਇਕ ਪੋਸਟ ਸੀ, ਕਰਮਗੜ੍ਹ ਸਤਰਾਂ ਤੋਂ ਸ਼ਹਿਰ ਬਠਿੰਡਾ, ਚੱਠੇਵਾਲਾ ਤੋਂ ਸ਼ਹਿਰ ਬਠਿੰਡਾ, ਖੀਵਾ ਖੁਰਦ ਤੋਂ ਸ਼ਹਿਰ ਬਠਿੰਡਾ ਹੋਰ ਟਾਈਪਾਂ ਦੇਖੋ ਤਲਵੰਡੀ ਬੀ. ਪੀ. ਈ. ਓ. ਦਫਤਰ ਤੋਂ ਕਿਲੀ ਨਿਹਾਲ ਸਿੰਘ ਜੱਜਲ ਤੋਂ ਬੀ. ਪੀ. ਈ. ਓ. ਦਫਤਰ ਤਲਵੰਡੀ ਜਿਥੇ 326 ਬੱਚਿਆਂ ਦੀ ਗਿਣਤੀ ਨਾਰਮਜ਼ ਅਨੁਸਾਰ 8 8 ਪੋਸਟਾਂ ਬਣਦੀਆਂ ਹਨ ਸਿਰਫ 4 ਟੀਚਰ ਕੰਮ ਕਰਦੇ ਜਿਥੇ 4 ਹੋਰ ਦੀ ਲੋੜ ਸੀ, ਦੁਨੇ ਵਾਲਾ ਤੋਂ ਗਹਿਰੀ ਬੁੱਟਰ, ਕੋਟ ਬਖਤੂ ਲੋਂ ਗਹਿਰੀ ਬੁੱਟਰ, ਭਗਵਾਨਗੜ ਤੋਂ ਗਹਿਰੀ ਬੁਟਰ, ਭਾਗੀ ਬਾਂਦਰ ਤੋਂ ਬਾਂਦਰ ਪੱਤੀ ਕੋਟ ਧਮੀਰ, ਭਗਵਾਨਗੜ ਤੋਂ ਬਾਂਦਰਪੱਤੀ ਕੋਟ ਧਮੀਰ, ਜੱਸੀਪੌਵਾਲੀ ਤੋਂ ਸ਼ਹਿਰ ਬਠਿੰਡਾ, ਕਿਸ਼ਨਗੜ ਫਰਵਾਹੀ ਤੋਂ ਨੰਗਲ ਖੁਰਦ ਕਿਸ਼ਨਗੜ ਫਰਵਾਹੀ ਤੋਂ ਨਰਿੰਦਰਪੁਰਾ ਗੁਰਥੜੀ ਤੋਂ ਬਸਤੀ ਲਾਲ ਸਿੰਘ, ਫੱਤਾ ਮਾਲੂਕਾ ਤੋ ਨਗਰ ਬਠਿੰਡਾ ਸਭ ਪੋਸਟਾਂ ਦੂਰ ਦੁਰਾਡੇ ਥਾਵਾਂ ਤੋਂ ਜਾਂ ਤਾਂ ਸ਼ਹਿਰ ਵਿਚ ਜਾਂ ਹਾਊਸ ਰੈਂਟ ਸਕੂਲਾਂ ਵਿਚ ਸ਼ਿਫ਼ਟ ਕਰਕੇ ਨਿਰੋਲ ਅਧਿਕਾਰੀ ਨੇ ਆਪਦੇ ਤੇ ਅਧਿਆਪਕ ਦੇ ਹਿੱਤਾਂ ਨੂੰ ਪਹਿਲ ਦੇ ਕੇ ਬੱਚਿਆਂ ਨਾਲ ਧਰੋਹ

ਕਮਾਇਆ। ਬੰਗੀ ਦੀਪਾ ਦੀ ਪੰਚਾਇਤ ਦੇ ਰੌਲਾ ਪਾਉਣ ਡੀ.ਸੀ. ਨੂੰ ਮਿਲਣ ਤੇ ਵੀ ਉਨ੍ਹਾਂ ਦੇ ਪਿੰਡੋਂ ਦੋ ਪੋਸਟਾਂ ਸ਼ਿਫਟ ਕੀਤੀਆਂ ਵਾਪਸ ਨਹੀਂ ਕੀਤੀਆਂ। ਇਹ ਕਹਾਣੀ ਬੜੀ ਲੰਮੀ ਹੈ ਇਉਂ ਦਸਣ ਨਾਲੋਂ ਉਪਰੋਕਤ ਕੁਝ ਉਦਾਹਰਣਾਂ ਹੀ ਲੋਕ ਕਚਹਿਰੀ ਵਿਚ ਪੇਸ਼ ਕੀਤੀਆਂ ਹਨ।

ਅਸੀਂ ਆਪਦੀ ਯੂਨੀਅਨ ਵਲੋਂ ਵਿਦਿਅਕ ਹਿਤਾਂ ਨੂੰ ਧਿਆਨ ਚ ਰਖਕੇ ਇਸ ਦਾ ਵਿਰੋਧ ਕੀਤਾ ਜਥੇਬੰਦਕ ਘੋਲ ਵਿਢਿਆ। ਸਾਡੇ ਖਿਲਾਫ ਉਪਰੋਕਤ ਕੋਈ 65 ਅਧਿਆਪਕਾਂ ਨੇ ਜਿਨ੍ਹਾਂ ਨੇ ਅਧਿਕਾਰੀਆਂ, ਮੰਤਰੀਆਂ, ਐਮ. ਐਲ. ਏ. ਮਿਲਕੇ ਸ਼ਿਫਟਿੰਗ ਕਰਾ ਕੇ ਬਦਲੀਆਂ ਕਰਾਈਆਂ, ਵਿਰੋਧ ਕੀਤਾ, ਸਾਡੇ ਖਿਲਾਫ਼ ਨਾਹਰੇ ਵੀ ਲਾਏ ਪਰ ਅਸੀਂ ਵਿਦਿਅਕ ਹਿੱਤਾਂ ਦੀ ਖਾਤਰ ਡੱਟੇ ਰਹੇ ਕਿਉਂਕਿ ਵਿਦਿਆ ਵਿਚਾਰੀ ਤਾਂ ਪਰਾਏ ਅਧਿ-ਕਾਰੀਆਂ ਦੇ ਹੱਥੀ ਚੜ੍ਹ ਗਈ ਸੀ ਜਿਨ੍ਹਾਂ ਨੇ ਇਸ ਦੀ ਦੁਰਗਤ ਕਰਨੀ ਮਿਥੀ ਹੋਈ ਸੀ। ਅਸੀਂ ਉਪਰ ਇਨ-ਕੁਆਰੀ ਲਈ ਲਿਖਿਆ, ਡਿਪਟੀ ਕਮਿਸ਼ਨਰ ਨੂੰ ਮਿਲਕੇ ਸ਼ਕਾਇਤ ਕੀਤੀ। ਕੁਝ ਨਾ ਬਣਿਆ ਆਖਰ 9 ਜੂਨ ਨੂੰ ਧਰਨਾ, 18 ਜੂਨ ਨੂੰ ਅਰਥੀ ਸਾੜ ਮੁਜ਼ਾਹਰਾ, 25 ਜੂਨ ਨੂੰ ਘਿਰਾਉ, 12 ਜੁਲਾਈ ਨੂੰ ਧਰਨਾ, ਸਾਡੀ ਅਵਾਜ਼ ਬੋਲੇ ਕੰਨਾਂ ਤਕ ਜਦੋਂ ਫਿਰ ਨਾ ਪਹੁੰਚੀ ਤਾਂ ਅਸੀਂ ਅਚਨਚੇਤ 12 ਘੰਟੇ ਦਾ ਲੰਮਾ ਘਿਰਾਉ 10 ਅਗਸਤ ਨੂੰ ਕਰ ਲਿਆ। ਫਿਰ ਕੀ ਹੋਣਾ ਸੀ, ਜਿਹੜੇ ਟੈਲੀਫੋਨ ਹੁਣ ਤਕ ਬੰਦ ਪਏ ਸੀ ਸਭ ਖੜਕ ਪਏ ਪੁਲਸ ਗੱਡੀਆਂ ਭਰੀਆਂ ਭਰਾਈਆਂ, ਬੰਦੂਕਾਂ ਤੇ ਹੱਥ ਗੋਲਿਆਂ ਨਾਲ ਲੈਸ ਆ ਹਾਜ਼ਰ ਹੋਈ ਅਸੀਂ ਹਰਗਿਜ਼ ਨਹੀਂ ਕਿਸੇ ਅਧਿਕਾਰੀ ਦਾ ਘਿਰਾਉ ਕਰਨ ਦੇਣਾ ਸਰਕਾਰ ਦੀਆਂ ਸਖਤ ਹਦਾਇਤਾਂ ਹਨ ਸਾਡੇ ਸਮਝਾਉਣ ਤੇ ਕਿ ਅਸੀਂ ਇਕ ਚੋਰ ਕੁਰੱਪਟ ਅਧਿਕਾਰੀ ਦਾ ਘਿਰਾਉ ਕੀਤਾ ਤੇ ਸੁਆਲ ਸਿਰਫ਼ ਘਿਰਾਉ ਕਰਨ ਦਾ ਨਹੀਂ ਵਿਦਿਅਕ ਹਿੱਤਾਂ ਤੇ ਮਹਿਕਮੇ ਦੇ ਅਸੂਲਾਂ ਦੀ ਰਾਖੀ ਦਾ ਹੈ, ਅੰਤ ਡੀ. ਸੀ. ਨੇ ਦਖ਼ਲ ਦੇ ਕੇ ਐਸ. ਡੀ. ਐਮ. ਦੀ ਇਨਕੁਆਰੀ ਮਾਰਕ ਕਰ ਦਿਤੀ ਦੇਖੋ ਕੀ ਬਣਦਾ ਹੈ ਅਜੇ ਕੋਈ ਫੈਸਲਾ ਨਹੀਂ ਦੱਸ ਸਕਦੇ।

ਮੇਰੀ ਲੰਮੀ ਚੌੜੀ ਵਿਆਖਿਆ ਕਰਨ ਦਾ ਮਤਲਬ ਸਾਡੇ ਵਲੋਂ ਲੜੇ ਘੋਲ ਨੂੰ ਪਰਚਾਰਨਾ ਨਹੀਂ ਇਹ ਸੁਆਲ ਖੜਾ ਕਰਨਾ ਹੈ ਵਿਦਿਅਕ ਮਿਆਰ ਨੂੰ ਡੇਗਣ ਵਿਚ ਅਧਿਕਾਰੀ ਤੇ ਸਰਕਾਰੀ ਗੱਠਜੋੜ ਦਾ ਕਿੱਡਾ ਵੱਡਾ ਰੋਲ ਹੈ, ਉਨ੍ਹਾਂ ਥਾਵਾਂ ਤੇ ਜਿਥੇ ਲੋੜ ਨਹੀਂ ਲਗਾਤਾਰ ਅਧਿਆਪਕ ਭੇਜੀ ਜਾਣਾ ਸ਼ਹਿਰ ਜਿਥੋਂ ਦੇ ਬੱਚਿਆਂ ਦੀ ਗਿਣਤੀ ਪੇਂਡੂ ਬੱਚਿਆਂ ਦੇ ਅਨੁਪਾਤੀ ਕਿਤੇ ਘੱਟ ਹੈ ਉਥੇ ਅਧਿਆਪਕਾਂ ਦੀ ਅਨੁਪਾਤੀ ਗਿਣਤੀ ਪੇਂਡੂ ਸਕੂਲਾਂ ਦੇ ਮੁਕਾਬਲੇ ਕਿਤੇ ਵੱਧ ਹੈ ਕਿਉਂਕਿ ਸ਼ਹਿਰੀ ਬੱਚੇ ਗੌਰਮਿੰਟ ਸਕੂਲਾਂ ਦੀ ਬਜਾਏ ਮਾਡਲ ਸਕੂਲਾਂ ਤੇ ਹੋਰ ਗ਼ੈਰ ਸਰਕਾਰੀ ਮਾਨਤਾ ਪ੍ਰਾਪਤ ਸਕੂਲਾਂ ਵਿਚ ਪੜ੍ਹਦੇ ਹਨ ਪਰ ਅਧਿਆਪਕ ਲਗਾਤਾਰ ਸ਼ਹਿਰਾਂ ਵਿਚ ਵੱਧਦੇ ਜਾ ਰਹੇ ਹਨ। ਇਸ ਤਰ੍ਹਾਂ ਵਿਦਿਆ ਦਾ ਬੈਲਿੰਸ ਉਖੜ ਜਾਂਦਾ ਹੈ ਪੇਂਡੂ ਸਕੂਲਾਂ ਤੇ ਬੋਝ ਵੱਧ ਜਾਂਦਾ ਹੈ ਇਥੇ ਇਕ ਉਦਾਹਰਨ ਨਾਲ ਮੈਂ ਸਥਿਤੀ ਸਾਫ ਕਰਦਾ ਹਾਂ ਮਾਨਸਾ ਸ਼ਹਿਰ ਵਿਚ ਇਕ ਸਕੂਲ ਪ੍ਰਾਇਮਰੀ ਜੰਡਾਂਵਾਲਾ ਹੈ ਜਿਥੇ ਬੱਚੇ 5 ਅਧਿਆਪਕਾਂ ਲਈ ਨਾਰਮਜ ਅਨੁਸਾਰ 21 ਪਰ ਅਧਿਆਪਕ 17 ਹਨ। ਜਮਾਤਾਂ ਪੰਜ ਅਧਿਆਪਕ ਸਤਾਰਾਂ ਕੌਣ ਪੜਾਊ ਤੇ ਕੌਣ ਵੇਹਲਾ ਰਹੂ। ਦੂਜੇ ਪਾਸੇ ਪਿੰਡਾਂ ਵਿਚ ਪੰਜ ਜਮਾਤਾਂ ਇਕ ਜਾਂ ਦੋ ਅਧਿਆਪਕੀ ਸਕੂਲ ਸੈਂਕੜਿਆਂ ਦੀ ਗਿਣਤੀ ਵਿਚ ਪਏ ਹਨ। ਇਸ ਤਰ੍ਹਾਂ ਸਕੂਲਾਂ ਵਿਚ ਪੜ੍ਹਾਉਣ ਦੇ ਸੁਆਲ ਤੇ ਵੀ ਤਣਾਅ ਬਣਿਆ ਰਹਿੰਦਾ ਹੈ।

ਹੁਣ ਜਦੋਂ ਸਰਕਾਰ ਨੇ ਨਾਨ ਫਾਰਮਲ ਵਿਦਿਆ ਦੇਣ ਦੀ ਸਕੀਮ ਬਣਾਈ ਹੈ ਜਿਸ ਵਿਚ ਆਮ ਤੌਰ ਤੇ ਪੇਂਡੂ ਸਕੂਲਾਂ ਵਿਚੋਂ ਹੀ ਡੈਪੂਟੇਸ਼ਨ ਤੇ ਭੇਜੇ ਜਾਣਗੇ ਇਸ ਤਰ੍ਹਾਂ ਪੰਜਾਬ ਵਿਚ ਕੋਈ 6000 ਅਧਿਆਪਕ ਡੈਪੂਟੇਸ਼ਨ ਤੇ ਭੇਜੇ ਜਾਣੇ ਹਨ ਫਿਰ ਤਾਂ ਬਸ ਵਿਦਿਆ ਦਾ ਰੱਬ ਹੀ ਰਾਖਾ। ਦੂਜੇ ਪਾਸੇ ਪੰਜਾਬ ਵਿਚ ਬੇਰੁਜ਼ਗਾਰ ਅਧਿਆਪਕ ਯੂਨੀਅਨ ਵਲੋਂ ਤਾਜ਼ਾ ਛਪੀ ਦੁਵਰਕੀ ਅਨੁਸਾਰ ਬੇਰੁਜ਼ਗਾਰ ਅਧਿਆਪਕਾਂ ਦੀ ਸੰਖਿਆ ਸੋਸਲ ਸਟੱਡੀ 15688 ਜੇ.ਬੀ.ਟੀ. 9870 ਆਰਟ ਐਂਡ ਕਰਾਫ਼ਟ 9740 ਪੀ. ਟੀ. ਆਈ., 3561 ਓ.ਟੀ., 1040 ਸਾਇੰਸ ਮਾਸਟਰ, 600 ਹਿਸਾਬ ਮਾਸਟਰ, 288 ਵੇਹਲੇ ਫਿਰਦੇ ਹਨ ਇਨ੍ਹਾਂ ਨੂੰ ਉੱਧਰ ਨਾਨ ਫਾਰਮਲ ਵਿਦਿਆ ਵਿਚ ਐਡਜਸਟ ਕੀਤਾ ਜਾ ਸਕਦਾ ਹੈ। ਬੇਰੁਜ਼ਗਾਰਾਂ ਲਈ ਰਹਿਤ ਹੀ ਮਿਲ ਸਕਦੀ ਤੇ ਇਧਰ ਵਿਦਿਆ ਵਿਚਾਰੀ ਦਾ ਵੀ ਕੁਝ ਬਚ ਸਕਦਾ ਹੈ।

ਹਾਊਸ ਰੈਂਟ ਸਕੂਲਾਂ ਲਈ ਲੱਗੀ ਦੌੜ ਨੂੰ ਸਾਰੇ ਮੁਲ ਜ਼ਮਾਂ ਨੂੰ ਹਾਊਸ ਰੈਂਟ ਦੇ ਕੇ ਕੁਝ ਖਤਮ ਕੀਤਾ ਜਾ ਸਕਦਾ ਸਗੋਂ ਪੇਂਡੂ ਭੱਤਾ ਦੇ ਕੇ ਉਤਸਾਹਤ ਕੀਤਾ ਜਾਣਾ ਹੋਰ ਵੀ ਜ਼ਰੂਰੀ ਹੈ। ਮੈਂ ਪ੍ਰਬੰਧਕੀ ਹਿਸੇ ਦੇ ਸਿਰਫ਼ ਇਕ ਭਾਗ ਨੂੰ ਹੀ ਇਥੇ ਲਿਆ ਹੈ ਕਿਉ ਕਿ ਜੇ ਅਧਿਕਾਰੀ ਹੀ ਕੁਰੱਪਟ ਢੰਗਾਂ ਨਾਲ ਇਉਂ ਕਰਨ ਲੱਗ ਜਾਣ ਉਹ ਕੀ ਚੈੱਕ ਕਰਨਗੇ ਤੇ ਜੇ ਚੈੱਕ ਵੀ ਕਰਨਗੇ ਉਹ ਵੀ ਫਿਰ ਉਸੇ ਮਤਲਬ ਲਈ।

ਸੁਖਦੇਵ ਸਿੰਘ (5.10.82)

ਹਿੰਦੀ ਕਹਾਣੀ :

# ਮਾਲਕ ਕੌਣ

ਪ੍ਰੋ: ਹਰੀ ਪ੍ਰਕਾਸ਼ ਸ਼ਰਮਾ

## ਅਨੁਵਾਦਕ ਵਲੋਂ ਦੋ ਸ਼ਬਦ

ਇਸ ਕਹਾਣੀ ਦੇ ਲੇਖਕ ਡਾ: ਹਰੀ ਸ਼ਰਮਾ ਨੂੰ ਕੈਨੇਡਾ ਦੇ ਇੱਕੋ ਇਲਾਕੇ 'ਚ ਰਹਿਣ ਕਰਕੇ ਤੇ ਹਮ-ਖਿਆਲਾਂ ਦੇ ਵਿਅੱਕਤੀ ਹੋਣ ਕਰਕੇ ਬਹੁਤ ਵਾਰੀ ਖੁਸ਼ਕ ਭਾਸ਼ਨ ਤੇ ਅਲੋਚਨਾ ਕਰਦੇ ਸੁਣਿਆ ਸੀ ਤੇ ਆਮ ਤੌਰ ਤੇ ਸਿਆਸੀ ਕੰਮਾਂ ਬਾਰੇ ਹੀ ਮਿਲਦੇ ਸੀ। ਇਕ ਦਿਨ ਮੇਰੀ ਹੈਰਾਨੀ ਦੀ ਹੱਦ ਨਾ ਰਹੀ ਜਦੋਂ ਪਤਾ ਲੱਗਿਆ ਕਿ ਉਸਦੀ ਹਿੰਦੀ ਕਹਾਣੀਆਂ ਦੀ ਕਿਤਾਬ ਛਪ ਚੁੱਕੀ ਹੈ। ਪੜ੍ਹਨ ਤੋਂ ਬਾਦ ਇਸ ਕਹਾਣੀ ਨੂੰ ਅਨੁਵਾਦ ਕਰਨ ਦਾ ਖਿਆਲ ਆਇਆ। ਹਥਲੀ ਕਹਾਣੀ ਦਾ ਪਲਾਟ ਖੇਤ ਮਜ਼ਦੂਰ ਦੀ ਜ਼ਿੰਦਗੀ ਤੇ ਉਸਦੇ ਜ਼ਮੀਨੀ ਸੰਘਰਸ਼ ਦੁਆਲੇ ਘੁੰਮਦਾ ਹੈ। ਵਿਅੰਗਮਈ ਢੰਗ ਨਾਲ ਉਸ ਨੇ ਜ਼ਮੀਨੀ ਸੁਧਾਰ ਦੇ ਅਖੌਤੀ ਕਾਨੂੰਨਾਂ ਦਾ ਪਰਦਾ ਫ਼ਾਸ਼ ਵੀ ਕੀਤਾ ਹੈ। ਤੇ ਜਗੀਰੂ ਜ਼ੁਲਮ ਦੀ ਸਪਸ਼ਟ ਤਸਵੀਰ ਪੇਸ਼ ਕੀਤੀ ਹੈ। ਬਹੁਤਾ ਕਹਿਣ ਨਾਲੋਂ ਕਹਾਣੀ ਪਾਠਕਾਂ ਸਾਮਣੇ ਆਪਣਾ ਮੂੰਹ ਮੱਥਾ ਆਪ ਲੈ ਕੇ ਜਾਏਗੀ। ਮਿੱਤਰ ਅਜਮੇਰ ਰੋਡੇ ਦਾ ਅਨੁਵਾਦ 'ਚ ਸਹਿਯੋਗ ਲਈ ਬਹੁਤ ਧੰਨਵਾਦੀ ਹਾਂ, ਕਿਉਂਕਿ ਲੇਖਾਂ ਤੇ ਸਿਆਸੀ ਪੱਤਰਾਂ ਦਾ ਤਾਂ 5-7 ਸਾਲ ਤੋਂ ਅਨੁਵਾਦ ਕਰਨ ਨਾਲ ਵਾਹ ਰਿਹਾ ਹੈ, ਪਰ ਸਾਹਿਤਕ ਅਨੁਵਾਦ ਮੇਰਾ ਇਹ ਪਹਿਲਾ ਹੈ। ਆਸ ਹੈ ਕਿ ਪੰਜਾਬੀ ਪਾਠਕਾਂ ਨੂੰ ਇਹ ਕਹਾਣੀ ਸਾਹਿਤਕ ਰਸ ਦੇਣ ਦੇ ਨਾਲ ਲੇਖਕ ਦੇ ਕਹਾਣੀ ਢੰਗ ਬਾਰੇ ਗਿਆਨ 'ਚ ਵਾਧਾ ਕਰੇਗੀ।

ਅਨੁਵਾਦਕ—ਸਤਿੰਦਰ ਸਿੰਘ ਸਿੱਧੂ

---

ਬੱਦਲਾਂ ਨਾਲ ਘਿਰਿਆ ਅਸਮਾਨ! ਹਨੇਰੇ ਦੀ ਇੱਕ ਗਾੜ੍ਹੀ ਤਹਿ ਸਾਰੇ ਆਲੇ ਦੁਆਲੇ ਉਪਰ ਫੈਲ ਰਹੀ ਹੈ। ਹਵਾ ਸਾਹ ਰੋਕੀ ਖੜੀ ਹੈ, ਪੌਦੇ, ਦਰਖਤ ਸਭ ਚੁੱਪ ਚਾਪ! ਓਧਰ ਪਿੰਡ ਦੇ ਇੱਕ ਪਾਸੇ ਟੋਭੇ ਵਿੱਚ ਮੀਂਹ ਦਾ ਪਾਣੀ ਭਰ ਜਾਣ ਤੋਂ ਬਾਦ ਡੱਡੂ ਟਰਾਂ ਟਰਾਂ ਦੀਆਂ ਅਵਾਜ਼ਾਂ ਨਾਲ ਜੀਅ ਉੱਠੇ ਨੇ ਅਤੇ ਰਾਤ ਦੀ ਖਾਮੋਸ਼ੀ ਵਿੱਚ ਉਹਨਾਂ ਦਾ ਮਿਲਿਆ ਜੁਲਿਆ ਸੁਰ ਦੂਰ ਦੂਰ ਤੱਕ ਗੂੰਜ ਰਿਹਾ ਹੈ।

ਖੇਤ ਦੀ ਵੱਟ ਨਾਲ ਢੋਅ ਲਾਈ, ਪੁਰਾਣੀ ਟਾਹਲੀ ਕਰੌਂਦੇ ਦੀਆਂ ਝਾੜੀਆਂ ਦੀ ਓਟ ਵਿੱਚ, ਜਿਥੇ ਅਨ੍ਹੇਰਾ ਹੋਰ ਵੀ ਗਾੜ੍ਹਾ ਹੋ ਗਿਆ ਹੈ, ਦੋ ਬੁੜੀਆਂ ਤੇ ਥੱਕੀਆਂ ਅਖਾਂ ਅਹਿਲ, ਇੱਕ ਟਕ ਨਾਲ ਸਾਹਮਣੇ ਦੇਖ ਰਹੀਆਂ ਹਨ। ਕੋਲ ਮਕ੍ਹੋ ਤੇ ਝਾੜੀਆਂ ਵਿੱਚ ਬਿੰਡੇ ਟੀਂ ਟੀਂ ਕਰ ਰਹੇ ਹਨ, ਪਿਛੋਂ ਇੱਕ ਟਟੀਹਰੀ ਵੀ ਇੱਕ ਦਮ ਜ਼ੋਰ ਨਾਲ ਚੀਕ ਉੱਠੀ ਪਰ ਅੱਖਾਂ ਤੇ ਪਲਕਾਂ ਨਹੀਂ ਝਪਕੀਆਂ।

ਭਟ...ਭਟ.. ਭਟ.. ਭਟਰ... ਭਟ-ਭਟ..ਭਟ .. ਭਟਰ ਹਨੇਰੇ ਤੇ ਇੱਕਲਤਾ ਦੀ ਖਿੱਲੀ ਉਡਾ ਰਿਹਾ ਇੱਕ ਵਿਸ਼ਾਲ ਰਾਖਸ਼ ਸਾਹਮਣੇ ਵਾਲੇ ਖੇਤ ਵਿਚ ਮੋਟੇ ਪਹੀਆਂ ਨਾਲ ਚੱਕਰ ਕੱਢ ਰਿਹਾ ਹੈ। ਉਸਦੇ ਮੱਥੇ ਉਪਰ ਲੱਗੀ ਮਸ਼ਾਲ ਹਨੇਰੇ ਦੀ ਚਾਦਰ ਪਾੜ ਕੇ ਰਸਤਾ ਬਣਾ ਰਹੀ ਹੈ ਤੇ ਪਿਛੇ ਧਰਤੀ ਦੀ ਉਪਰਲੀ ਤਹਿ ਉਲਟ ਪੁਲਟ ਹੋ ਰਹੀ ਹੈ। ਮੀਂਹ ਨਾਲ ਭਿੱਜੀ ਧਰਤੀ ਦੇ ਨਰਮ ਸਰੀਰ ਨੂੰ ਫੌਲਾਦੀ ਨੋਕ ਵਾਲੇ ਪੰਜ ਫਾਲੇ ਇਕੱਠੇ ਹੀ ਚੀਰਦੇ ਜਾ ਰਹੇ ਹਨ। ਵੱਟਾਂ ਟੁੱਟ ਰਹੀਆਂ ਹਨ। ਅੱਡ ਅੱਡ ਹਿੱਸਿਆਂ ਵਿੱਚ ਵੰਡਿਆ ਹੋਇਆ ਖੇਤ ਹੁਣ ਇੱਕ ਬਣ ਗਿਆ ਹੈ! 'ਵਿਸ਼ਾਲ ਲੰਮਾਂ ਚੱਕ।

ਮਿੱਟੀ ਨਾਲ ਸੁਗੰਧਤ ਹੋਈ ਹਵਾ ਸਾਰੇ ਵਾਤਾਵਰਣ ਵਿੱਚ ਘੁਲ ਗਈ ਹੈ।

ਇੱਕ ਟੱਕ ਘੂਰਦੀਆਂ ਹੋਈਆਂ ਅੱਖਾਂ ਬੰਦ ਹੋਈਆਂ, ਖਾਰੇ ਪਾਣੀ ਦੇ ਕੁਝ ਤੁਪਕੇ ਗਹਿਰੀਆਂ ਝੁਰੜੀਆਂ ਵਾਲੇ ਚਿਹਰੇ ਤੇ ਅਟਕ ਗਏ। ਕਮਰ ਤੇ ਪਾਈ ਧੋਤੀ ਦੇ ਪਲੇ ਨਾਲ ਹੰਝੂਆਂ ਨੂੰ ਪੂੰਝ ਲਿਆ ਗਿਆ।

ਅਬਾਦੀ ਵਾਲੇ ਪਾਸੇ ਕੁੱਤੇ ਅਚਾਨਕ ਭੌਂਕਣ ਲੱਗ ਪਏ। ਉਤੋਂ ਟਾਹਲੀ ਦੀਆਂ ਟਾਹਣੀਆਂ ਚੋਂ ਇੱਕ ਮੋਰ ਜ਼ੋਰ ਨਾਲ ਬੋਲਿਆ ਅਤੇ ਦੇਖਾ ਦੇਖੀ ਪੱਛਮ ਵਾਲੀ ਅੰਬਾਂ ਦੀ ਝਿੜੀ ਵਿਚੋਂ ਅਨੇਕਾਂ ਮੋਰ ਕਿਆਕੋਂ ਕਿਆਕੋਂ ਕਰ ਉਠੇ। ਸਾਰਾ ਇਲਾਕਾ ਉਹਨਾਂ ਦੀ ਮਿਲੀ ਜੁਲੀ ਅਵਾਜ਼ ਨਾਲ ਗੂੰਜ ਉੱਠਿਆ।

ਕਰੌਂਦੇ ਦੀਆਂ ਝਾੜੀਆਂ ਪਿਛੋਂ ਸੁੱਕੇ ਪੱਤਿਆਂ ਦੀ ਖੜ ਖੜਾਹਟ ਹੋਈ। ਦੇਰ ਤੋਂ ਉਥੇ ਖੜਾ ਰੂਪਨ ਹੌਲੀ ਹੌਲੀ ਕਦਮ ਪੁੱਟਦਾ ਅਗੇ ਵਧਿਆ ਜਿਵੇਂ ਕੁਝ ਚੋਰੀ ਕਰਨਾ ਹੋਵੇ। ਜਿਥੇ ਹੁਣੇ ਹੁਣੇ ਹੀ ਟਰੈਕਟਰ ਵਹਾਈ ਕਰਕੇ ਗਿਆ ਸੀ, ਉਥੇ ਝੁਕ ਕੇ ਬੈਠ ਗਿਆ। ਗਿਲੀ ਭੁਰਭਰੀ ਮਿੱਟੀ ਨੂੰ ਛੋਂਹਦੇ ਸਾਰ ਉਸਦਾ ਸਰੀਰ ਝਣਝੁਣਾ ਉਠਿਆ।

ਪਲ ਆਏ ਤੇ ਪਲ ਗਏ। ਅਨੇਕਾਂ ਪਲ ਬੀਤ ਗਏ। ਗਲ੍ਹਾਂ ਦੀਆਂ ਝੁਰੜੀਆਂ ਵਿੱਚ ਪਾਣੀ ਫੇਰ ਆ ਆ ਕੇ ਅਟਕਣ ਲੱਗਾ। ਤਾਂ ਹੀ ਅਚਾਨਕ ਉਸਨੂੰ ਲੱਗਾ ਜਿਵੇਂ ਉਸ ਦੇ ਪਿਛੇ ਕੋਈ ਆ ਕੇ ਖੜ੍ਹ ਗਿਆ ਹੋਵੇ। ਸਹਿਮ ਕੇ ਉਸਨੇ ਗਰਦਨ ਘੁਮਾਈ ਪਾਸ ਹੀ ਇੱਕ ਕਾਲਾ ਅਕਾਰ ਖੜ੍ਹਾ ਸੀ।

"ਕੌਣ ਹੈ ?" ਉਸਨੇ ਘਬਰਾਈ ਅਵਾਜ਼ ਨਾਲ ਪੁੱਛਿਆ।

"ਕੀ ਕਰ ਰਿਹੈਂ ਤੂੰ ਏਥੇ ?"

"ਲੱਖੀ ਦੀ ਮਾਂ !...ਤੂੰ ਕਿਉਂ ਆਈ ਐਂ ? ਅਤੇ ਉਹ ਖੜਾ ਹੋ ਗਿਆ। ਧੋਤੀ ਦੇ ਲੜ ਨਾਲ ਫਟਾਫਟ ਅੱਖਾਂ ਪੂੰਝ ਲਈਆਂ।

"ਤੇਰਾ ਭੂਤ ਨਹੀਂ ਉਤਰਿਆ ਅਜੇ ਤੱਕ ? ਪਹਿਰ ਰਾਤ ਹੋ ਗਈ ਹੈ ਤੇਰਾ ਮਤਲਬ ਕੀ ਐ ਏਥੇ ?"

"ਨੀਂਦ ਹੀ ਨਹੀਂ ਆਉਂਦੀ ਸੀ। ਪੱਤਰਾਮ ਨੇ ਸ਼ਾਮੀਂ ਕਿਹਾ ਸੀ ਨਾਂ, ਸਾਡੇ ਖੇਤ 'ਚ ਟਰੈਕਟਰ ਚਲੂਗਾ ਅਜ ਰਾਤ। ਦੋ ਵਰ੍ਹੇ ਹੋ ਗਏ ਐ ਬਰਾਨੀ ਹੋਈ ਜ਼ਮੀਨ ਨੂੰ...। ਦੇਖ...ਦੇਖ ਲੱਖੀ ਦੀ ਮਾਂ, ਭਿੱਜ ਕੇ ਮਿੱਟੀ ਕਿਸ ਤਰ੍ਹਾਂ ਮਹਿਕ ਉੱਠੀ ਹੈ। ਤੇ ਉਸਨੇ ਮੁੱਠੀ ਭਰ ਮਿੱਟੀ ਅੱਗੇ ਕਰ ਦਿੱਤੀ।

"ਤੂੰ ਹੁਣ ਇਸ ਮਿੱਟੀ ਤੋਂ ਕੀ ਲੈਣਾ ? ਲਊਗਾ ਉਹ ਜੀਹਦੀ ਜ਼ਮੀਨ ਐ, ਸਾਡਾ ਕੀ ਰਹਿ ਗਿਆ ਏਥੇ ?"

ਬਿਨਾਂ ਕੁਝ ਬੋਲੇ ਉਹ ਚੁੱਪ ਚਾਪ ਉਥੇ ਹੀ ਗੋਡਿਆਂ ਭਾਰ ਬਹਿ ਗਿਆ।

ਕੋਮਲ ਅਵਾਜ਼ ਵਿੱਚ ਲੱਖੀ ਦੀ ਮਾਂ ਉਸਦੇ ਹੋਰ ਨਜ਼ਦੀਕ ਆ ਕੇ ਬੋਲੀ"ਇਸ ਤਰ੍ਹਾਂ ਕਿਵੇਂ ਕੰਮ ਚਲੂਗਾ। ਹੁਣ ਤਾਂ ਸਬਰ ਕਰਨਾਂ ਹੀ ਪਊਗਾ ਰਾਮ ਦੀ ਐਸੀ ਹੀ ਮਰਜ਼ੀ ਸੀ।"

"ਸਹੁਰਾ ਮੋਹ ਈ ਨਹੀਂ ਟੁੱਟਦਾ। ਸਾਰੀ ਉਮਰ ਲੰਘਾ ਲਈ ਇਸ ਧਰਤੀ ਤੇ, ਬਾਪ ਦਾਦੇ ਦੀ ਕਮਾਈ ਹੋਈ ਧਰਤੀ।"

ਉਹ ਕੁਝ ਦੇਰ ਚੁੱਪ ਚਾਪ ਖੜ੍ਹੀ ਰਹੀ, ਜਿਵੇਂ ਦਿਲਾਸਾ ਦੇਣ ਲਈ ਉਸ ਪਾਸ ਕੁਝ ਬਚਿਆਂ ਹੀ ਨਾਂ ਹੋਵੇ। ਫਿਰ ਚੁੱਪ ਤੋੜ ਕੇ ਬੋਲੀ," ਚਲ ਉਠ ਹੁਣ ਘਰ ਚਲੀਏ" ਲੰਬਾ ਸਾਹ ਲੈ ਕੇ ਰੂਪਨ ਖੜ੍ਹਾ ਹੋਇਆ ਤੇ ਥੱਕੇ ਹੋਏ ਕਦਮਾਂ ਨਾਲ ਉਸਦੇ ਪਿਛੇ ਤੁਰ ਪਿਆ।

ਖਾਲੀ ਪਿਆ ਘਰ ਭਾਂ ਭਾਂ ਕਰ ਰਿਹਾ ਸੀ। ਪੁੱਤਰ ਆਪਣੇ ਆਪਣੇ ਬਾਲ ਬੱਚੇ ਲੈ ਕੇ ਪਿੰਡੋਂ ਚਲੇ ਗਏ ਸਨ। ਬੈਲ, ਮੱਝ, ਗਾਂ ਸਾਰੇ ਵਿਕ ਗਏ। ਧਰਤੀ ਸੀ ਤਾਂ ਸਮਝੋ ਗੱਠ ਬੱਝੀ ਹੋਈ ਸੀ। ਧਰਤੀ ਛੁਟਦੇ ਹੀ ਜਿਵੇਂ ਗੱਠ ਖੁਲ੍ਹ ਗਈ ਤੇ ਦਾਣਾ ਦਾਣਾ ਖਿਲਰ ਗਈ।

ਤਿੰਨਾਂ ਸਾਲਾਂ ਵਿੱਚ ਪਿੰਡ ਦੀ ਹਾਲਤ ਹੀ ਬਦਲ ਗਈ। ਓਹੀ ਲੋਕ ਸਦਾ ਤੋਂ ਸਾਥ ਰਹਿੰਦੇ ਆਏ। ਓਹੀ ਹਨ, ਸਾਥ ਹੀ ਰਹਿ ਰਹੇ ਹਨ ਪਰ ਸਭ ਦੀਆਂ ਸ਼ਕਲਾਂ ਜਿਵੇਂ ਬਦਲ ਗਈਆਂ ਹੋਨ। ਕੋਈ ਵੀ ਕਿਸੇ ਨੂੰ ਨਹੀਂ ਪਛਾਣਦਾ। ਕੋਈ ਕਿਧਰ ਭੱਜ ਰਿਹਾ ਹੈ, ਕੋਈ ਕਿਧਰ। ਘਰ ਟੁੱਟ ਰਹੇ ਹਨ। ਵਰ੍ਹਿਆਂ ਦਾ, ਪੀੜ੍ਹੀਆਂ ਦਾ ਬੱਝਿਆ ਢਾਂਚਾ ਟੁੱਟ ਰਿਹਾ ਹੈ।

ਸਭ ਕੁਝ ਇਨੀ ਤੇਜ਼ੀ ਨਾਲ ਹੋਇਆ ਜਿਵੇਂ ਹੜ੍ਹ ਆਇਆ ਹੋਵੇ। ਪੁਰਾਣਾ ਸਭ ਕੁੱਝ ਟੁੱਟ ਫੁੱਟ ਕੇ ਰੁੜ੍ਹ ਗਿਆ। ਆਪਣੀਆ ਬੁੱਢੀਆਂ ਅੱਖਾਂ ਨਾਲ ਰੂਪਨ ਦੇਖਦਾ ਤੇ ਸਹਿਮ ਕੇ ਰਹਿ ਜਾਂਦਾ, ਕਿਹੋ ਜਿਹਾ ਜ਼ਮਾਨਾ ਆ ਗਿਆ। ਕੀ ਇਹ ਲੋਕ ਓਹੀ ਨੇ ? ਉਹ ਆਪਸੀ ਸਬੰਧ ਕਿਥੇ ਚਲੇ ਗਏ।

ਉਸਨੂੰ ਉਹ ਦਿਨ ਚੰਗੀ ਤਰ੍ਹਾਂ ਯਾਦ ਹੈ ਜਦ ਤਲਾਅ ਵਿਚ ਪਹਿਲੀ ਰੋੜੀ ਸੁੱਟੀ ਗਈ ਸੀ। ਉਸ ਦਿਨ ਜੋ ਅਚਾਨਕ ਨਵੀਆਂ ਲਹਿਰਾਂ ਉਠੀਆਂ ਸਨ, ਉਹਨਾਂ ਚੋਂ ਹੀ ਰੂਪਨ ਨੂੰ ਆਉਣ ਵਾਲੇ ਹੜ੍ਹ ਦਾ ਕਿਆਸ ਹੋ ਗਿਆ ਸੀ। ਪਰ ਉਹਦੀ ਗੱਲ ਨੂੰ ਕਿਸੇ ਨੇ ਨਹੀਂ ਸੁਣਿਆ, ਨਵੇਂ ਤੋਂ ਨਵੇਂ ਸ਼ੋਰ ਸ਼ਰਾਬੇ ਵਿੱਚ ਉਹਦੀ ਗੱਲ ਦੱਬ ਘੁੱਟ ਕੇ ਰਹਿ ਗਈ।

ਟੋਪੀਆਂ ਵਾਲੇ ਨੇਤਾ ਆਏ ਸੀ ਪਿੰਡ ਵਿੱਚ, ਹੱਥ ਹਿਲਾ ਕੇ ਤੇ ਹਵਾ ਵਿੱਚ ਮੁੱਕੇ ਤਾਣ ਕੇ ਚਿੰਗਾੜੀ ਸੁੱਟ ਗਏ ਸਨ। ਸਕੂਲ ਦੇ ਸਾਹਮਣੇ ਜੋ ਥੜ੍ਹਾ ਹੈ, ਇਥੇ ਹੀ ਲੈਕਚਰਬਾਜ਼ੀ ਕੀਤੀ ਸੀ ਕਿ ਜ਼ਮੀਨ ਦਾ ਮਾਲਕ ਉਹ ਹੀ ਹੋਵੇਗਾ ਜੋ ਵਾਹੁੰਦਾ ਹੈ। ਜ਼ਮਾਨਾ ਬਦਲ ਗਿਆ ਹੈ। ਵੱਡੇ ਵੱਡੇ ਰਾਜੇ ਖਤਮ ਹੋ ਗਏ, ਯੂ ਪੀ. ਤੇ ਹੈਦਰਾਬਾਦ ਦੇ ਵੱਡੇ ਜ਼ਿਮੀਦਾਰ ਖਤਮ ਹੋ ਗਏ। ਇਥੋਂ ਲਈ ਵੀ ਸਰਕਾਰ ਕਾਨੂੰਨ ਬਣਾ ਰਹੀ ਹੈ। ਬੈਠੇ ਬਿਠਾਇਆਂ ਜ਼ਮੀਨ ਦੀ ਕਮਾਈ ਕਿਸੇ ਨੂੰ ਨਹੀਂ ਮਿਲੇਗੀ। ਮਿਹਨਤ ਕਰਨ ਵਾਲਾ ਮਾਲਕ ਬਣੇਗਾ। ਤੁਸੀਂ ਸਾਰੇ ਹੀ ਮਾਲਕ ਬਣ ਜਾਓਗੇ। ਕਿਸੇ ਨੂੰ ਮੁਆਮਲਾ ਨਹੀਂ ਦੇਣਾ ਪਵੇਗਾ। ਬਸ ਸਰਕਾਰੀ ਰੇਟ ਤੇ ਮਾਲੀਆ ਹੀ ਦੇਣਾ ਪਵੇਗਾ।

ਇਉਂ ਵੀ ਕਦੇ ਹੋ ਸਕਦਾ ਹੈ! ਰੂਪਨ ਨੇ ਸੋਚਿਆ। ਮਾਲਕ ਤਾਂ ਮਾਲਕ ਹੀ ਹੁੰਦਾ ਹੈ। ਅੰਗਰੇਜ਼ੀ ਲਾਟ ਸਾਹਿਬ ਜਿਸਨੂੰ ਮਾਲਕੀ ਸੌਂਪ ਗਏ ਸਨ, ਉਸਤੋਂ ਕੌਣ ਖੋਹ ਸਕਦਾ ਹੈ ? ਅਸੀਂ ਖੋਹ ਸਕਾਂਗੇ ? ਅਸੀਂ ਮਾਲਕ ਬਣ ਸਕਾਂਗੇ ? ਅਸੀਂ ਜ਼ਮੀਨ ਵਾਹੁੰਦੇ ਹਾਂ, ਮਿਹਨਤ ਕਰਦੇ ਹਾ, ਠੀਕ ਹੈ। ਪਰ ਤਾਂ ਹੀ ਵਾਹੁੰਦੇ ਹਾਂ ਜੇ ਮਾਲਕ ਸਾਨੂੰ ਵਾਹੁਣ ਬੀਜਣ ਲਈ ਦਿੰਦੇ ਹਨ, ਜੇ ਉਹ ਨਾਂ ਦਿੰਦੇ ਤਾਂ ਅਸੀਂ ਕਿਵੇਂ ਬੀਜਦੇ ? ਅੱਜ ਉਹਨਾਂ ਦੀ ਜ਼ਮੀਨ ਦੇ ਮਾਲਕ, ਉਨ੍ਹਾਂ ਦੇ ਹੀ ਸਾਹਮਣੇ ਅਸੀਂ

ਬਣਾਂਗੇ ? ਅਸਮਾਨ ਥੱਲੇ ਧਰਤੀ ਤਦ ਇਉਂ ਹੀ ਟਿਕੀ ਰਹੇਗੀ ?

ਪਰ ਉਸਦੇ ਪੁਤਰਾਂ ਦਾ ਖਿਆਲ ਸੀ ਧਰਤੀ ਤਾਂ ਵੀ ਟਿਕੀ ਰਹੇਗੀ । ਵਡੇ ਵਡੇ ਰਾਜੇ ਖਤਮ ਹੋ ਗਏ, ਤਾਂ ਧਰਤੀ ਦਾ ਕੁਝ ਨਹੀਂ ਵਿਗੜਿਆ ਤੇ ਹੁਣ ਕਿਹੜੀ ਆਫ਼ਤ ਆ ਜਾਵੇਗੀ । ਹੋਰ ਵੀ ਪੰਦਰਾਂ ਵੀਹ ਮੁਜ਼ਾਰਿਆਂ ਦੇ ਘਰ ਸਨ ਪਿੰਡ ਵਿੱਚ। ਨੇਤਾ ਦੇ ਭਾਸ਼ਨ ਤੋਂ ਬਾਦ ਸਭ ਹਿੱਕ ਚੌੜੀ ਕਰਕੇ ਤੁਰਨ ਲੱਗ ਪਏ । ਆਪਸ ਵਿੱਚ ਗੱਲਾਂ ਕਰਦੇ ਜਿਵੇਂ ਕੋਈ ਰਹੱਸ ਸੁਲਝਾ ਰਹੇ ਹੋਣ। ਪਿੰਡ ਵਿਚ ਇਕ ਖਿਚਾਅ ਜਿਹਾ ਛਾ ਗਿਆ ਸੀ । ਮਾਲਕ ਵੀ ਚੁਕੰਨੇ ਹੋ ਗਏ। ਪਿੰਡ ਦੀ ਬਹੁਤੀ ਜ਼ਮੀਨ ਦੇ ਕੁਲ ਪੰਜ ਹੀ ਘਰ ਮਾਲਕ ਸਨ । ਉਹਨਾਂ ਦਾ ਵੀ ਮੋਰਚਾ ਬਣ ਗਿਆ । ਸਾਮ, ਦਾਮ, ਦੰਡ, ਭੇਦ ਚੌਹਾਂ ਨੀਤੀਆਂ ਦੇ ਦਾਓ ਪੇਚ ਸ਼ੁਰੂ ਹੋ ਗਏ ।

ਹਲ ਦਾ ਨਵਾਂ ਫਾਲਾ ਲੁਹਾਰ ਤੋਂ ਕੁਟਾ ਕ ਰੂਪਨ ਆ ਰਿਹਾ ਸੀ ਕਿ ਮੇਲਰ ਸਿੰਘ ਨੇ ਅਵਾਜ ਦੇ ਕੇ ਬੁਲਾਇਆ । ਉਹ ਥੜੇ ਉਪਰ ਮੋਢੇ ਫੈਲਾਈ ਹੁੱਕਾ ਪੀ ਰਿਹਾ ਸੀ ।

ਜਾ ਕੇ ਜੈ ਰਾਮ ਜੀ ਕੀ ਕਹੀ ਤਾਂ ਮੇਲਰ ਸਿੰਘ ਬੋਲੇ, "ਬਹੁਤ ਵੱਡਾ ਜ਼ਿਮੀਦਾਰ ਬਣ ਗਿਆ ਹੈਂ ਰੂਪਨ ਤੂੰ ਤਾਂ, ਮੂੰਹ ਪਾਸੇ ਕਰਕ ਸਾਹਮਣੇ ਦੀ ਲੰਘ ਜਾਂਦਾ ਹੈ।"

"ਕਿਸ ਤਰ੍ਹਾਂ ਦੀ ਗੱਲ ਕਰ ਰਹੇ ਹੋ ਚੌਧਰੀ ਸਾਹਿਬ, ਕਿਹੋ ਜਿਹਾ ਜ਼ਿਮੀਦਾਰ ! ਤੁਹਾਡੇ ਰਾਜ ਵਿਚ ਗੁਜ਼ਾਰਾ ਹੋ ਰਿਹਾ ਹੈ । ਧੁੱਪ ਜ਼ਰਾ ਤੇਜ਼ ਹੋ ਰਹੀ ਸੀ, ਇਸ ਲਈ ਕਾਹਲੀ ਕਾਹਲੀ ਜਾ ਰਿਹਾ ਸਾਂ ।'

"ਬਣਿਆ ਨਹੀਂ ਤਾਂ ਬਣ ਜਾਏਗਾ ਹੁਣ ਤਾਂ ਸਰਕਾਰ ਸਭ ਨੂੰ ਜ਼ਮੀਂਦਾਰ ਬਣਾ ਰਹੀ ਹੈ ।"

"ਪਿਓ ਦੀ ਸੌਂਹ, ਮੈਨੂੰ ਤਾਂ ਕਤਈ ਇੱਛਾ ਨਹੀਂ ਮਲਕੀਅਤ ਦੀ। ਪਤਾ ਨਹੀਂ ਕੀ ਉੱਥਲ ਪੁੱਥਲ ਹੋਈ ਜਾ ਰਹੀ ਹੈ ।"

"ਪਰ ਤੇਰੇ ਲੜਕਿਆਂ ਦੀ ਤਾਂ ਇੱਛਾ ਹੈ ਨਾਂ ? ਉਹ ਤਾਂ ਜ਼ਮੀਨ ਤੋਂ ਗਿੱਠ ਗਿੱਠ ਉੱਚੇ ਹੋ ਕੇ ਤੁਰਦੇ ਐ ।"

"ਦੋਨੋਂ ਮੂਰਖ ਨੇ ਚੌਧਰੀ, ਮੈਂ ਸਮਝਾ ਦਿਆਂਗਾ ਉਹਨਾਂ ਨੂੰ ।"

"ਦੇਖ ਲੈ ਭਾਈ ਰੂਪਨ, ਮੈਂ ਜ਼ਮੀਨ ਕਿਹੜੇ ਉਠਾ ਕੇ ਤਾਂ ਨਹੀਂ ਲੈ ਜਾਣੀ। ਤੁਸੀਂ ਖਾਣ ਵਾਲੇ। ਮੈਨੂੰ ਤਾਂ ਤੁਸੀਂ ਦੋ ਰੋਟੀਆਂ ਖਾਣ ਨੂੰ ਦੇ ਰਹੇ ਹੋ ਤੇ ਬੱਚਿਆਂ ਦਾ ਗੁਜ਼ਾਰਾ ਚਲ ਰਿਹਾ ਹੈ ।"

"ਰਾਮ ਰਾਮ ! ਕਿਸ ਤਰ੍ਹਾਂ ਦੀ ਗੱਲ ਕਰ ਰਹੇ ਹੋ ਚੌਧਰੀ ਜੀ ? ਤੁਸਾਂ ਦਾ ਦਿੱਤਾ ਖਾ ਖਾ ਕੇ ਤਾਂ ਇੰਨੀ ਉਮਰ ਹੋ ਗਈ। ਰਾਮ ਹੀ ਜਾਣਦਾ ਹੈ, ਮੈਂ ਜਦੋਂ ਤੋਂ ਸੁਣਿਆ ਹੈ, ਮਨ ਵਿਚ ਜ਼ਰਾ ਵੀ ਚੈਨ ਨਹੀਂ ।"

"ਫਿਰ ਆਪਣੇ ਲੜਕਿਆਂ ਨੂੰ ਸੰਭਾਲ ਲੈ। ਤੁਹਾਡੀ ਹੀ ਧਰਤੀ ਹੈ। ਮੈਥੋਂ ਤਾਂ ਕਿਹੜਾ ਹਲ ਚਲਦਾ ਹੈ । ਪੁੱਤਰ ਹਨ, ਉਹ ਵੀ ਪੜ੍ਹ ਲਿਖ ਕੇ ਬਾਬੂ ਬਣ ਗਏ ਹਨ । ਅਨੰਦ ਨਾਲ ਖੇਤੀ ਕਰਦੇ ਰਹੋ । ਮੇਲ ਮਿਲਾਪ ਬਣਿਆ ਰਹੇ, ਇਸੇ ਵਿਚ ਹੀ ਫਾਇਦਾ ਹੈ। ਬੇਕਾਰ ਦੰਗਾ ਫਸਾਦ ਕਰਨ ਦੀ ਕੀ ਲੋੜ ਐ ।"

"ਠੀਕ ਹੈ ਚੌਧਰੀ ਜੀ। ਬੇਫ਼ਿਕਰ ਰਹੋ ਤੁਸੀਂ। ਮੈਂ ਮੁੰਡਿਆਂ ਨੂੰ ਸਮਝਾ ਦਿਆਗਾਂ ।"

"ਤੂੰ ਤਾਂ ਜਾਣਦਾ ਹੈਂ ਰੂਪਨ, ਇਸ ਧਰਤੀ ਦੇ ਆਸਰੇ ਹੀ ਕੰਮ ਚਲ ਰਿਹਾ ਹੈ । ਮੇਰੀ ਕਿਹੜੀ ਤਨਖਾਹ ਲੱਗੀ ਹੈ ? ਮੂੰਹ 'ਚ ਆਈ ਹੱਡੀ ਤਾਂ ਕੁੱਤਾ ਵੀ ਨਹੀਂ ਛੱਡਦਾ, ਇਹ ਤਾਂ ਧਰਤੀ ਹੈ। ਪਰ ਮੈਂ ਚਾਹੁੰਦਾ ਹਾਂ ਆਪਸ ਵਿੱਚ ਦੀ ਹੀ ਕੰਮ ਨਿਬੜ ਜਾਵੇ ।"

"ਠੀਕ ਹੈ, ਚੌਧਰੀ ਸਾਹਿਬ"

"ਤਾਂ ਸਲਾਹ ਕਰਕੇ ਕਲ੍ਹ ਨੂੰ ਮੇਰੇ ਨਾਲ ਦਿੱਲੀ ਚੱਲ । ਮਾਲ ਅਫਸਰ ਦੇ ਸਾਹਮਣੇ ਜਾ ਕੇ ਬਿਆਨ ਦੇ ਦੇ ।"

ਹਾਂ, ਤਾਂ ਕਰ ਆਇਆ ਰੂਪਨ, ਪਰ ਦੂਜੇ ਦਿਨ ਜਾ ਨਾ ਸਕਿਆ । ਦੋਨੋਂ ਮੁੰਡੇ ਅੜ ਗਏ। ਰਾਤ ਨੂੰ ਪਿਉ ਪੁੱਤਰਾਂ ਵਿੱਚ ਐਨੀਂ ਤੂੰ ਤੂੰ ਮੈਂ ਮੈਂ ਹੋਈ ਕਿ ਅੱਜ ਤੱਕ ਨਹੀਂ ਹੋਣੀ ਸੀ। ਬਿਆਨ ਦੇਣ ਤਾਂ ਰੂਪਨ ਤੇ ਸੁਬਹ ਜਾਣਾ ਸੀ ਉਸ ਤੋਂ ਪਹਿਲਾਂ ਹੀ ਅੱਧੀ ਰਾਤ ਨੂੰ ਦੋਨੋਂ ਮੁੰਡੇ ਬਾਲ ਬੱਚਿਆਂ ਨੂੰ ਲੈ ਕੇ ਘਰੋਂ ਜਾਣ ਲਈ ਤਿਆਰ ਹੋ ਗਏ ।

ਕਹਿੰਦੇ ਸੰਮਾਲ ਤੂੰ ਹੀ ਸਾਰੀ ਖੇਤੀਬਾੜੀ, ਸਾਨੂੰ ਤਾਂ ਜਾਣ ਦੇ, ਕਿਤੇ ਜਾ ਕੇ ਮਜ਼ਦੂਰੀ ਕਰ ਲਵਾਂਗੇ...... ਪਤਾ ਨਹੀਂ ਕੀ ਮਤ ਮਾਰੀ ਗਈ ਇਸ ਬੁੱਢੇ ਦੀ। ਦੁਨੀਆਂ ਵਿੱਚ ਸ਼ੋਰ ਮੱਚਿਆ ਪਿਆ ਹੈ ਤੇ ਇਸਦੀ ਸਮਝ ਵਿੱਚ ਗਲ ਨਹੀਂ ਆਉਂਦੀ। ਸਾਡੇ ਫਾਇਦੇ ਲਈ ਸਰਕਾਰ ਕਾਨੂੰਨ ਬਨਾਉਂਦੀ ਹੈ, ਅਤੇ ਇਹ ਹੈਗਾ ਕਿ ਪੁਰਾਣੀ ਲੀਹ ਹੀ ਛੱਡਣ ਦਾ ਨਾਂ ਨਹੀਂ ਲੈਂਦਾ ।

ਹਾਰ ਕੇ ਰੂਪਨ ਨੇ ਗੋਡੇ ਟੇਕ ਦਿੱਤੇ, "ਜੋ ਜੀਅ ਵਿੱਚ ਆਏ ਕਰੀ ਜਾਉ। "ਮੈਂ ਕੀ ਲੈਣਾ ਹੈ ? ਪਰ ਦੇਖਿਓ ਇਹ ਜ਼ਮੀਨ ਦਾ ਝਗੜਾ ਸਤਿਆਨਾਸ ਕਰਕੇ ਛੱਡੂ । ਸਹਿਜੇ ਹੀ ਨਹੀਂ ਕੋਈ ਛੱਡਣ ਲੱਗਿਆ ਆਪਣਾ ਕਿੱਲਾ। ਕਿਹੜੀ ਹਵਾ 'ਚ ਤੁਰੇ ਫਿਰਦੇ ਐਂ ? ਸਾਰੇ ਪਿੰਡ ਨੂੰ ਡੁਬੋ ਦਿਊ ਇਹ ਤੁਹਾਡਾ ਕਾਨੂੰਨ" ।

ਪਰ ਉਸਦੀ ਗੱਲ 'ਤੇ ਕਿਸੇ ਨੇ ਧਿਆਨ ਨਹੀਂ ਦਿੱਤਾ। ਲੜਕਿਆਂ ਦਾ ਕਸੂਰ ਨਹੀਂ ਸੀ, ਜਿੰਨੇ ਵੀ

ਮੁਜ਼ਾਰੇ ਸਨ ਸਾਰੇ ਵਿਗੜ ਗਏ ਸਨ। ਮਾਲਕਾਂ ਦੀਆਂ ਸਾਰੀਆਂ ਕੋਸ਼ਿਸ਼ਾਂ ਬੇਕਾਰ ਹੋ ਗਈਆਂ।

ਪਰ ਪੱਲੇ ਪਈ ਚੀਜ਼ ਸਹਿਜੇ ਹੀ ਕੋਈ ਨਹੀਂ ਛੱਡਦਾ। ਕੁੱਤੇ ਦੀ ਹੱਡੀ ਵਾਲੀ ਗੱਲ!

ਕਚਹਿਰੀ ਵਿੱਚ ਬੁਲਾ ਕੇ ਸਭ ਨੂੰ ਭੂਮੀਂ ਮਾਲਕੀ ਦੇ ਪਰਚੇ ਦੇ ਦਿੱਤੇ ਗਏ। ਹਵਾ 'ਚ ਟੋਪੀਆਂ ਉਛਾਲਦੇ ਲੋਕ ਪਿੰਡ ਪਹੁੰਚੇ। ਲੇਕਿਨ ਕਨੂੰਨ ਹੱਕ ਹੀ ਦਿੰਦਾ ਹੈ ਤਾਕਤ ਤਾਂ ਨਹੀਂ ਦਿੰਦਾ। ਤਾਕਤ ਦੇ ਵਾਸਤੇ ਜਿਹੜੇ ਸਾਧਨਾਂ ਦੀ ਜ਼ਰੂਰਤ ਹੈ, ਉਹ ਉਹਨਾਂ ਪਾਸ ਨਹੀਂ ਮਾਲਕਾਂ ਕੋਲ ਸਨ।

ਸੌਣੀ ਬੀਜਣ ਲਈ ਖੇਤ 'ਚ ਹਲ ਲੈ ਕੇ ਗਿਆ ਸੀ ਲੱਖੀ। ਮਨ 'ਚ ਉਮੰਗ ਸੀ। ਹੋਸ਼ ਸੰਭਾਲਣ ਤੋਂ ਲੈ ਕੇ ਇਸੇ ਹੀ ਖੇਤ 'ਚ ਕੰਮ ਕਰਦਾ ਰਿਹਾ ਸੀ। ਉਸ ਤੋਂ ਪਹਿਲਾਂ ਉਸਦੇ ਬਾਪ ਰੂਪਨ ਤੇ ਉਸ ਤੋਂ ਵੀ ਪਹਿਲਾਂ ਰੂਪਨ ਦੇ ਦਾਦੇ ਪੜਦਾਦਿਆਂ ਨੇ ਆਪਣਾਂ ਪਸੀਨਾ ਵਹਾਇਆ ਸੀ। ਪਰ ਅੱਜ ਤੋਂ ਜਿਵੇਂ ਨਵਾਂ ਸਬੰਧ ਜੁੜ ਗਿਆ ਇਸ ਧਰਤੀ ਨਾਲ। ਅੱਜ ਉਹ ਇਸਦੇ ਮਾਲਕ ਸਨ। ਕਿਸੇ ਦਾ ਲਾਗਾ ਦੇਗਾ ਨਹੀਂ ਸੀ। ਖੇਤ ਚੋਂ ਇਕ ਡਲਾ ਚੁੱਕ ਕੇ ਉਸਨੇ ਹੱਥ ਨਾਲ ਮਸਲ ਦਿੱਤਾ ਤੇ ਭੁਰਭਰੀ ਮਿੱਟੀ ਨੂੰ ਮੱਥੇ ਨਾਲ ਲਾ ਲਿਆ। ਦੂਰ ਦੂਰ ਤੱਕ ਫੈਲੀ ਧਰਤੀ ਦੇ ਵਿਸਥਾਰ ਨੂੰ ਸਿਰ ਉਠਾ ਕੇ ਵੇਖਿਆ। ਪ੍ਰਭਾਤ ਦੇ ਸਾਫ ਅਤੇ ਸੁੰਦਰ ਅਸਮਾਨ ਨੂੰ ਤੱਕਿਆ। ਕਰੀਂਦੇ ਦੀਆਂ ਝਾੜੀਆਂ ਨਾਲ ਉਸ ਬੁੱਢੀ ਟਾਹਲੀ ਨੂੰ ਦੇਖਿਆ, ਜਿਸਨੂੰ ਉਸਦੇ ਦਾਦੇ ਨੇ ਸ਼ੁਰੂ ਜਵਾਨੀ ਵੇਲੇ ਲਾਇਆ ਸੀ, ਸਭ ਕੁਝ ਅਜ ਨਵਾਂ ਸੀ। ਸਾਹ ਦੇ ਨਾਲ ਢੇਰ ਸਾਰੀ ਤਾਜ਼ੀ ਹਵਾ ਉਸਦੇ ਫੇਫੜਿਆਂ 'ਚ ਭਰ ਗਈ ਅਤੇ ਜੋਸ਼ 'ਚ ਆ ਕੇ ਉਸਨੇ ਪੂਰੀ ਤਾਕਤ ਨਾਲ ਜ਼ਮੀਨ 'ਚ ਹਲ ਦਾ ਫਾਲਾ ਖੁਭੋ ਕੇ ਬੈਲਾਂ ਦੀ ਪੂਛ ਮਰੋੜ ਦਿੱਤੀ। ਗਲਾਂ 'ਚ ਪਾਈਆਂ ਘੰਟੀਆਂ ਟੁਣ ਟੁਣਾ ਉੱਠੀਆਂ ਅਤੇ ਮਾਣ ਮੱਤੀ ਜੋੜੀ ਭੱਜ ਤੁਰੀ।

ਉਸਨੇ ਅਜੇ ਮਸਾਂ ਚਾਰ ਚੱਕਰ ਹੀ ਪੂਰੇ ਕੀਤੇ ਸਨ ਕਿ ਅਚਾਨਕ ਨ੍ਹੇਰੀ ਦੇ ਬੁੱਲੇ ਦੀ ਤਰ੍ਹਾਂ ਕਈ ਅਣਜਾਣ ਲੋਕ ਡਾਂਗਾਂ ਨਾਲ ਉਸ ਤੇ ਵਰ੍ਹ ਪਏ। ਬਲਦਾਂ ਨੂੰ ਪੰਜਾਲੀ ਖੋਲ੍ਹ ਡੰਡੇ ਮਾਰ ਕੇ ਭਜਾ ਦਿੱਤਾ। ਦੋ ਤਿੰਨ ਡਾਂਗਾ ਲੱਖੀ ਦੇ ਵੀ ਲੱਗੀਆਂ। ਹਾਲ ਪਾਹਰਾਂ ਕਰਦੇ ਨੂੰ ਧੱਕੇ ਮਾਰ ਮਾਰ ਕੇ ਖੇਤ ਚੋਂ ਬਾਹਰ ਕੱਢ ਦਿੱਤਾ। "ਖਬਰਦਾਰ ਜੇ ਇਸ ਖੇਤ 'ਚ ਪੈਰ ਪਾਇਆ। ਸਾਲਾ, ਜ਼ਿਮੀਦਾਰ ਦਾ ਬੱਚਾ! ਹੱਲ ਜੋੜੇਗਾ! ਖੇਤ 'ਚ ਡਰਨਾ ਬਣਾ ਕੇ ਲਾਸ਼ ਗੱਡ ਦਿਆਂਗੇ ਜੇ ਫੇਰ ਐਥੇ ਮੁੜਕੇ ਆਇਆ ਤਾਂ"

ਸਿੱਧੀ ਚੁਣੌਤੀ ਸੀ ਸਿਰਫ ਲੱਖੀ ਨੂੰ ਹੀ ਨਹੀਂ, ਪਿੰਡ ਵਿਚ ਜਿੰਨੇ ਮੁਜ਼ਾਰੇ ਸਨ, ਸਭ ਨੂੰ ਮਾਲਕਾਂ ਨੇ ਡੰਡੇ ਦੇ ਜ਼ੋਰ ਨਾਲ ਖੇਤਾਂ 'ਚ ਵੜਨ ਤੋਂ ਰੋਕ ਦਿੱਤਾ। ਪਤਾ ਨਹੀਂ ਕਿਥੋਂ ਕਿਥੋਂ ਦੇ ਲੱਠਮਾਰੀ ਲਿਆਕੇ ਬਿਠਾਏ ਸਨ। ਤੋਤਾ ਬੈਰਾਗੀ ਨੇ ਕੁਝ ਆਕੜ ਕੀਤੀ ਤਾਂ ਚੰਗੀ ਤਰ੍ਹਾਂ ਕੁਟਾਪਾ ਚਾੜ੍ਹਿਆ। ਸਾਰੇ ਸਹਿਮ ਗਏ। ਲੁਕ ਛਿਪ ਕੇ ਦੋ ਤਿੰਨ ਜਣੇ ਨੇੜੇ ਦੇ ਥਾਣੇ ਵਿਚ ਪਹੁੰਚੇ, ਉਥੋਂ ਵੀ ਦਰੋਗੇ ਨੇ ਧਮਕਾ ਕੇ ਭੇਜ ਦਿੱਤੇ। ਤਾਕਤ ਦੀ ਮਸ਼ੀਨਰੀ ਪੂਰੀ ਤਰ੍ਹਾਂ ਹਰਕਤ 'ਚ ਆ ਗਈ ਸੀ।

ਕਚਹਿਰੀ ਮੁਕੱਦਮਾ ਸ਼ੁਰੂ ਹੋ ਗਿਆ। ਇਧਰੋਂ ਕਬਜ਼ੇ ਦਾ ਦਾਵਾ ਅਤੇ ਉਧਰੋਂ ਭੂਮੀ-ਮਾਲਕੀ ਦੇ ਵਿਰੁੱਧ ਅਪੀਲ। ਮਾਲ ਅਫਸਰ ਦੇ ਪਾਸ ਪੇਸ਼ੀਆਂ ਤੇ ਫਿਰ ਦੀਵਾਨੀ ਅਦਾਲਤ। ਆਏ ਦਿਨ ਦੀ ਭੱਜ ਦੌੜ। ਵਕੀਲ, ਮੁਣਸ਼ੀ, ਪਟਵਾਰੀ, ਗਿਰਦਾਵਰ ਸਾਰਿਆਂ ਦੇ ਅੱਡੇ ਹੋਏ ਮੂੰਹ। ਤਰੀਕਾਂ ਵਧਦੀਆਂ ਗਈਆਂ, ਘਰ ਦੀਆਂ ਚੀਜ਼ਾਂ ਘਟਦੀਆਂ ਗਈਆਂ। ਬੈਲ ਗਏ, ਗੱਡੀ ਗਈ, ਗਾਂ ਗਈ, ਮੱਝ ਗਈ ਤੇ ਸਾਰੇ ਜ਼ੇਵਰ ਚਲੇ ਗਏ, ਚਿਹਰੇ ਦੀ ਰੌਣਕ ਵੀ। ਦੋ ਸਾਲਾਂ 'ਚ ਭੱਠਾ ਬੈਠ ਗਿਆ। ਫੈਸਲਾ ਹੋਇਆ ਤਾਂ ਲੱਕ ਵੀ ਟੁੱਟ ਗਿਆ। ਦਾਵਾ ਖਾਰਜ਼, ਭੂਮੀ-ਮਾਲਕੀ ਮਨਸੂਖ।

ਪਟਵਾਰੀ ਦੇ ਜਿਨ੍ਹਾਂ ਕਾਗਜ਼ਾਂ ਦੀ ਸ਼ਾਹਦੀ ਨਾਲ ਉਹਨਾਂ ਨੂੰ ਜ਼ਮੀਨ ਮਿਲੀ ਸੀ, ਉਨ੍ਹਾਂ ਦੀ ਧਿਰ ਨੇ ਸਾਬਤ ਕਰ ਦਿੱਤਾ ਕਿ ਸਾਰੀ ਜ਼ਮੀਨ ਮਾਲਕਾਂ ਦੀ ਖੁਦ ਕਾਸ਼ਤ ਸੀ, ਮੁਜ਼ਾਰੇ ਮਜ਼ਦੂਰ ਸਨ ਮੁਜ਼ਾਰੇ ਨਹੀਂ। ਤਾਕਤ ਦੀ ਮਸ਼ੀਨਰੀ ਇਥੇ ਵੀ ਕੰਮ ਕਰ ਗਈ ਸੀ, ਮਿਲਿਆ ਹੱਕ ਵੀ ਆਖਰ ਖੋਹ ਲਿਆ ਗਿਆ।

ਨਸ਼ਾ ਹਰਨ ਹੋ ਗਿਆ, ਹਿੰਮਤ ਪਾਸਾ ਮੋੜ ਗਈ। ਹੁਣ ਕੀ ਹੋਵੇ ? ਰੋਟੀ ਦਾ ਸਵਾਲ ਮੂੰਹ ਅੱਡਾ ਖੜ੍ਹਾ ਸੀ।

ਇਸ ਸਾਲ ਮਾਲਕਾਂ ਨੇ ਟਰੈਕਟਰ ਖ੍ਰੀਦ ਲਏ ਸਨ। ਇਕ ਨਹੀਂ, ਦੋ ਨਹੀਂ, ਪੂਰੇ ਪੰਜ ਟਰੈਕਟਰ ਚਲਦੇ ਸੀ ਪਿੰਡ ਵਿੱਚ। ਰੋਜ਼ੀ ਦੀ ਤਲਾਸ਼ ਵਿੱਚ ਲੋਕ ਦੂਰ ਦੂਰ ਭੱਜਣ ਲੱਗੇ, ਕੋਈ ਪੱਥਰ ਕੁੱਟਦਾ ਸੀ, ਕੋਈ ਸੜਕ ਦਾ ਕੰਮ ਕਰਦਾ ਸੀ, ਕੋਈ ਪਿੰਡ ਵਿੱਚ ਹੀ ਪੁਰਾਣੇ ਮਾਲਕਾਂ ਕੋਲ ਮਜ਼ਦੂਰੀ ਕਰਨ ਲੱਗ ਪਿਆ। ਕੋਈ ਭਟਕਦਾ ਹੋਰ ਧੰਦਾ ਭਾਲਣ ਲੱਗਾ। ਘਰ ਟੁੱਟ ਗਏ, ਪ੍ਰੀਵਾਰ ਉੱਜੜ ਗਏ ਪੁਰਾਣੀ ਵਿਵਸਥਾ ਬਿਖਰ ਗਈ।

ਮਹਿਰੌਲੀ ਤੋਂ ਅੱਗੇ ਕਿਤੇ ਕੋਈ ਪਹਾੜ ਹੈ, ਲੱਖੀ ਉਥੇ ਪੱਥਰ ਤੋੜਨ ਦਾ ਕੰਮ ਕਰਦਾ ਹੈ। ਨੇੜੇ ਹੀ ਕਿਤੇ ਝੁੱਗੀ ਬਣਾ ਕੇ ਰਹਿੰਦਾ ਹੈ। ਸੁਬ੍ਹਾਂ ਤੋਂ ਸ਼ਾਮ ਤੱਕ ਆਦਮੀ ਤੀਵੀਂ ਪੱਥਰਾਂ ਦੇ ਟੁਕੜੇ ਤੋੜ ਤੋੜ ਕੇ ਟਰੱਕ ਵਿੱਚ ਭਰਦੇ ਹਨ ਤਾਂ ਕਿਤੇ ਜਾ ਕੇ ਦੋਨਾਂ ਨੂੰ ਜਿਉਣ

ਜੋਗੀ ਰੋਟੀ ਨਸੀਬ ਹੁੰਦੀ ਹੈ। ਕਈ ਮਹੀਨੇ ਹੋ ਗਏ, ਲੱਖੀ ਪਿੰਡ ਨਹੀਂ ਆਇਆ। ਛੋਟਾ ਲੜਕਾ, ਮੰਨੀ, ਕੁਝ ਦਿਨ ਪਿੰਡ 'ਚ ਹੀ ਰਿਹਾ, ਫਿਰ ਉਹ ਵੀ ਦਿੱਲੀ ਚਲਾ ਗਿਆ। ਕੁਝ ਲੈ ਦੇ ਕੇ ਸੜਕਾਂ ਦੇ ਮਸਟਰ ਰੋਲ ਤੇ ਲੱਗਿਆ ਸੀ, ਵਿੱਚ ਦੀ ਖਬਰ ਆਈ ਕਿ ਉਥੋਂ ਵੀ ਹਟ ਗਿਆ। ਅੱਜ ਕਲ੍ਹ ਮਾਲ ਗੁਦਾਮ ਦੇ ਸਾਹਮਣੇ ਛਾਬੜੀ ਲਾ ਕੇ ਬਹਿੰਦਾ ਹੈ। ਬੀਵੀ ਬੱਚਿਆਂ ਨੂੰ ਲਿਜਾ ਕੇ ਝੁੱਗੀ ਉਸਨੇ ਵੀ ਕਿਤੇ ਬਣਾ ਲਈ ਹੈ।

ਬੁੱਢੀ ਦੇ ਨਾਲ ਰੂਪਨ ਇਕੱਲਾ ਰਹਿ ਗਿਆ ਪਿੰਡ ਵਿੱਚ। ਦੋ ਤਿੰਨ ਸਾਲਾਂ ਵਿੱਚ ਹੀ ਕਾਇਆ ਪਲਟ ਗਈ ਸੀ ਉਹਦੀ। ਚਿਹਰੇ ਤੇ ਇੰਨੀਆਂ ਗਹਿਰੀਆਂ ਗਹਿਰੀਆਂ ਝੁਰੜੀਆਂ ਉਭਰ ਆਈਆਂ ਸਨ ਜਿਵੇਂ ਕਿਸੇ ਭਿਅੰਕਰ ਭੁਚਾਲ ਦੇ ਬਾਅਦ ਧਰਤੀ ਵਿਚ ਅਨੇਕਾਂ ਤਰੇੜਾਂ ਪੈ ਗਈਆਂ ਹੋਣ। ਕਮਰ ਵਿੱਚ ਹੋਰ ਵੀ ਝੁਕਾਅ ਆ ਗਿਆ। ਬੋਲਦਾ ਨਹੀਂ ਕਿਸੇ ਦੇ ਨਾਲ। ਘਰ ਦੀ ਚੁਗਾਠ ਕੋਲ ਚੁੱਪ-ਚਾਪ ਹੁੱਕਾ ਲੈ ਕੇ ਬੈਠਾ ਰਹਿੰਦਾ ਹੈ। ਆਉਣ ਜਾਣ ਵਾਲਿਆਂ ਨੂੰ ਸੁੰਨੀ ਨਿਗਾਹ ਨਾਲ ਤੱਕਦਾ ਹੈ। ਚੌਧਰੀ ਮੇਲਰ ਸਿੰਘ ਜਦੋਂ ਕੋਲੋਂ ਦੀ ਗੁਜ਼ਰਦਾ ਹੈ ਤਾਂ ਨਾ ਉੱਠ ਕੇ ਰਾਮ ਰਾਮ ਨਾਂ ਨਮਸਤੇ, ਜਿਵੇਂ ਕਿਸੇ ਨਾਲ ਕੋਈ ਸਰੋਕਾਰ ਹੀ ਨਾਂ ਰਿਹਾ ਹੋਵੇ। ਕਦੇ ਜਾਕੇ ਡੰਗਰਾਂ ਵਾਲੀ ਖਾਲੀ ਖੁਰਲੀ ਕੋਲ ਬੈਠ ਜਾਂਦਾ ਹੈ। ਮਿੱਟੀ ਦੀਆਂ ਕੰਧਾਂ ਤੋਂ ਜਗ੍ਹਾ ਜਗ੍ਹਾ ਲਿਉੜ ਉਤਰ ਰਹੇ ਨੇ। ਕਿੰਨ੍ਹੇ ਚਿਰਾਂ ਤੋਂ ਲਿਪਾਈ ਨਹੀਂ ਹੋਈ। ਛੱਤ ਬੈਠਣ ਵਾਲੀ ਹੋ ਗਈ ਹੈ। ਕਦੇ ਇਥੇ ਪਸ਼ੂਆਂ ਦੀ ਲੰਬੀ ਕਤਾਰ ਬੰਨੀ ਰਹਿੰਦੀ ਸੀ; ਟੱਲੀਆਂ ਦੀ ਟੁਣਕਾਰ ਮੱਚੀ ਰਹਿੰਦੀ ਸੀ। ਗੋਹੇ ਤੇ ਪਿਸ਼ਾਬ ਦੀ ਗੰਧ ਫੈਲੀ ਰਹਿੰਦੀ, ਪਰ ਅੱਜ ਇਥੇ ਸੁੰਨਾਂ ਥਾਂ ਖਾਣ ਨੂੰ ਪੈਂਦਾ ਹੈ।

ਕੰਮ ਧੰਦਾ ਉਹਨਾਂ ਤੋਂ ਕੋਈ ਹੁੰਦਾ ਨਹੀਂ ਸੀ। ਲੱਖੀ ਦੀ ਬੁੱਢੀ ਮਾਂ ਹੀ ਇਧਰ ਉਧਰ ਹੱਥ ਪੈਰ ਮਾਰਦੀ ਰਹਿੰਦੀ ਹੈ। ਪਤਾ ਨਹੀਂ ਕਿਵੇਂ ਦਾਣੇ ਲਿਆਉਂਦੀ ਹੈ। ਉਹ ਕੁਝ ਨਹੀਂ ਪੁੱਛਦਾ। ਜਿਹੋ ਜਿਹਾ ਚੋਵੇਂ ਵਕਤ ਸਾਹਮਣੇ ਧਰ ਦਿੰਦੀ ਹੈ, ਚੁੱਪ ਚਾਪ ਖਾ ਲੈਂਦਾ ਹੈ।

ਪਰ ਪਿਛਲੇ ਕੁਝ ਦਿਨਾਂ ਤੋਂ ਇਕ ਦਮ ਕੋਈ ਪਰਿਵਰਤਨ ਆ ਗਿਆ ਹੈ। ਲੱਖੀ ਦੀ ਮਾਂ ਨੂੰ ਵੀ ਕੁਝ ਸਮਝ ਨਹੀਂ ਆਉਂਦੀ। ਕੁਝ ਕਹਿੰਦੀ ਹੈ ਤਾਂ ਰੂਪਨ ਝੱਟ ਡਾਂਟ ਦਿੰਦਾ ਹੈ—"ਤੂੰ ਚੁੱਪ ਰਿਹਾ ਕਰ। ਤੈਨੂੰ ਕੁਝ ਪਤਾ ਤਾਂ ਲੱਗਦਾ ਨਹੀਂ ਖਾਹ ਮਖਾਹ ਮਰਦਾ ਦੇ ਕੰਮਾਂ 'ਚ ਟੰਗਾਂ ਫਸੌਂਦੀ ਰਹਿੰਦੀ ਹੈ। ਤੈਨੂੰ ਜੋ ਕਹਾਂ ਉਹੀ ਕਰ ਤੂੰ! ਮੈਂ ਚੱਲਿਆਂ, ਦੁਪਹਿਰ ਤੋਂ ਪਹਿਲਾਂ ਪਹਿਲਾਂ ਖੇਤ 'ਚ ਰੋਟੀ ਲੈ ਆਈਂ।" ਉਹ ਚੁੱਪ ਹੋ ਜਾਂਦੀ ਹੈ।

ਉਸ ਦਿਨ, ਰਾਤ ਨੂੰ ਖੇਤ ਵਿਚੋਂ ਪਕੜ ਕੇ ਲਿਆਈ ਸੀ ਤਾਂ ਦੇਰ ਤੱਕ ਸੁੱਤਾ ਨਹੀਂ ਸੀ ਰੂਪਨ। ਚੁੱਗਾਠ ਦੇ ਪਾਸ ਗੁੰਮ ਸੁੰਮ ਬੈਠਾ ਰਿਹਾ ਅਤੇ ਫੇਰ ਉਥੋਂ ਉੱਠ ਕੇ ਖੁਰਲੀ ਤੇ ਬੈਠ ਗਿਆ ਤੇ ਪਤਾ ਨਹੀਂ ਕੀ ਬੁੜ-ਬੁੜਾਂਦਾ ਰਿਹਾ, ਉਹ ਵੀ ਕੁਝ ਨਹੀਂ ਬੋਲੀ। ਲੱਖੀ ਨੂੰ ਜਦੋਂ ਧੱਕੇ ਮਾਰ ਕੇ ਕੱਢਿਆ ਗਿਆ ਸੀ ਉਦੋਂ ਤੋਂ ਧਰਤੀ ਬੰਜਰ ਪਈ ਰਹੀ। ਅੱਜ ਦੋ ਵਰ੍ਹਿਆਂ ਪਿਛੋਂ ਟਰੈਕਟਰ ਵਾਹੁਣ ਲਈ ਨਿਕਲਿਆ ਸੀ।

ਸੁਬ੍ਹਾ ਉੱਠਿਆ ਤਾਂ ਫੇਰ ਖੇਤ ਚਲਾ ਗਿਆ ਅਤੇ ਉਦੋਂ ਤੋਂ ਰੋਜ਼ ਦਾ ਹੀ ਇਹ ਨਿਯਮ ਬਣ ਗਿਆ ਹੈ। ਲੱਭ ਲਭਾ ਕੇ ਪੁਰਾਣੀ ਸੋਟੀ ਕੱਢ ਲਈ। ਗੁਥਲੀ ਵਿੱਚ ਮੁੱਠੀ ਭਰ ਤਮਾਕੂ ਲੈ ਕ, ਧੋਤੀ ਵਿੱਚ ਪੂਰੀ ਪਾਥੀ ਬੰਨ ਕੇ, ਗੁੜਗੁੜੀ ਦੀ ਚਿਲਮ ਵਿੱਚ ਜਲਦੀ ਅੰਗਿਆਰੀ ਲੈ ਕੇ ਤੇ ਬਗਲ 'ਚ ਸੋਟੀ ਲੈ ਕੇ ਖੇਤ 'ਚ ਜਾ ਪਹੁੰਚਦਾ, ਜਿਵੇਂ ਸਚਮੁੱਚ ਹੀ ਖੇਤੀ ਕਰਨ ਜਾ ਰਿਹਾ ਹੋਵੇ। ਪੁਰਾਣੀ ਟਾਹਲੀ ਹੇਠ ਪਾਥੀ ਵਿੱਚ ਟੋਆ ਕਰਕੇ ਅੰਗਿਆਰੀ ਰੱਖ ਦਿੰਦਾ, ਨਵੀਂ ਚਿਲਮ ਰੱਖ ਕੇ ਗੁੜਗੁੜੀ ਪੀਂਦਾ ਤੇ ਫਿਰ ਜਿਥੇ ਮਜ਼ਦੂਰ ਕੰਮ ਕਰਦੇ ਹੁੰਦੇ, ਉਹਨਾਂ ਕੋਲ ਪਹੁੰਚ ਜਾਂਦਾ।

ਡੰਡਾ ਹੱਥ 'ਚ ਘੁਮਾ ਕੇ ਮਾਲਕਾਨਾਂ ਅਵਾਜ਼ 'ਚ ਕਹਿੰਦਾ, 'ਜਲਦੀ ਹੱਥ ਮਾਰੋ। ਹਾਂ, ਸ਼ਾਬਾਸ਼! ਓ, ਬੁੱਧਣ ਤੂੰ ਇਥੇ ਬੈਠਾ ਕੀ ਕਰ ਰਿਹੈਂ? ਇੱਕ ਪੈਸਾ ਨਹੀਂ ਮਿਲਣਾ ਮਜ਼ਦੂਰੀ ਦਾ। ਹਾਂ, ਕੀ ਸਮਝਿਆ ਤੂੰ! ਚਲ ਉੱਠਾ ਕਸੀਆ।"

ਲੋਕ ਦੇਖਦੇ ਸੁਣਦੇ ਤੇ ਹੱਸਦੇ ਰਹਿੰਦੇ। ਪਰ ਉਹ ਸਾਰਿਆਂ ਦੇ ਹਾਸੇ ਨੂੰ ਅਣਸੁਣਿਆ ਕਰ ਦਿੰਦਾ। ਕਦੇ ਆਪ ਖੁਦ ਕਸੀਆ ਲੈ ਕੇ ਜੁੱਟ ਜਾਂਦਾ। ਉਸਦਾ ਬੁੱਢਾ ਥੱਕਿਆ ਸਰੀਰ ਪਸੀਨੇ ਨਾਲ ਲੱਥ ਪੱਥ ਹੋ ਜਾਂਦਾ, ਸਾਹ ਹੌਂਕਣ ਜਿਹਾ ਲੱਗਦਾ। ਪਰ ਫਿਰ ਵੀ ਉਹ ਲੱਗਿਆ ਰਹਿੰਦਾ।

ਲੋਕ ਦੇਖਦੇ ਅਤੇ ਸਹਿਮ ਜਿਹੇ ਜਾਂਦੇ।

ਉਸ ਦਿਨ ਤਾਂ ਹੱਦ ਈ ਹੋ ਗਈ। ਬਚੇ ਹੋਏ ਖੇਤ ਵਿਚ ਪਤਰਾਮ ਟਰੈਕਟਰ ਨਾਲ ਵਹਾਈ ਕਰ ਰਿਹਾ ਸੀ। ਨਾਂ ਜਾਣੇ ਰੂਪਨ ਨੂੰ ਕੀ ਸੁਝਿਆ ਟਰੈਕਟਰ ਦੇ ਪਿਛੇ ਪਿਛੇ ਤੁਰ ਪਿਆ। ਖੱਬੇ ਹੱਥ ਵਿਚ ਫੜੀ ਸੋਟੀ ਉਸਨੇ ਪੰਜ ਫਾਲਿਆਂ ਉਤੇ ਰੱਖ ਦਿੱਤੀ ਅਤੇ ਉਸ ਉਤੇ ਸਰੀਰ ਦਾ ਸਾਰਾ ਭਾਰ ਦੇ ਕੇ ਦੂਜੇ ਹਥ ਨਾਲ ਛਾਂਟਾ ਘੁਮਾਉਣਾ ਸ਼ੁਰੂ ਕਰ ਦਿੱਤਾ। ਤੱਤਾ, ਤੱਤਾ, ਤਾ...ਚੱਲ ਹਾਂ ਚੱਲ, ਜਿਵੇਂ ਟਰੈਕਟਰ ਨਹੀਂ ਬਲਦਾਂ ਦੀ ਜੋੜੀ ਹਲਾਂ ਨੂੰ ਖਿੱਚ ਰਹੀ ਹੋਵੇ।

ਹਥਲਾ ਕੰਮ ਰੋਕ ਕੇ ਲੋਕ ਤਮਾਸ਼ਾ ਦੇਖਣ ਲੱਗ

ਪਏ। ਆਸ ਪਾਸ ਦੇ ਖੇਤਾਂ ਤੋਂ ਵੀ ਲੋਕ ਆ ਕੇ ਜਮ੍ਹਾਂ ਹੋ ਗਏ। ਪਰ ਉਹ ਬੇ-ਖ਼ਬਰ ਟਰੈਕਟਰ ਨੂੰ ਹੱਕਦਾ ਰਿਹਾ। ਪੱਤ ਰਾਮ ਨੇ ਟਰੈਕਟਰ ਰੋਕ ਦਿੱਤਾ ਤਾਂ ਰੂਪਨ ਮੂਹਰਲੇ ਟਾਇਰਾਂ ਦੀ ਮਿੱਟੀ ਝਾੜਨ ਲੱਗਿਆ ਜਿਵੇਂ ਬੈਲਾਂ ਨੂੰ ਪਲੋਸ ਰਿਹਾ ਹੋਵੇ। ਟਰੈਕਟਰ ਚਲਾਣ ਵੇਲੇ ਫਿਰ ਪੁਰਾਣੀ ਸਥਿਤੀ ਵਿਚ ਆ ਗਿਆ। ਸਾਰੇ ਪਿੰਡ ਵਿਚ ਗੱਲ ਫੈਲ ਗਈ ਕਿ ਰੂਪਨ ਪਾਗਲ ਹੋ ਗਿਆ ਹੈ।

ਲੱਖੀ ਦੀ ਮਾਂ ਨੇ ਸੁਣਿਆਂ ਤਾਂ ਸਿਰ ਫੜ ਕੇ ਬੈਠ ਗਈ। ਸ਼ਾਮ ਨੂੰ ਉਸਨੂੰ ਨੁੱਕਰੇ ਬੈਠੀ ਸਿਸਕਦੀ ਵੇਖ ਕੇ ਰੂਪਨ ਕੋਲ ਜਾ ਕੇ ਬੋਲਿਆ—"ਰੋਂਦੀ ਹੈਂ ? ਮੱਤ ਰੋ ਪਗਲੀ ! ਸਾਰੇ ਸੁੱਖ ਹੋ ਜਾਣਗੇ। ਫਿਰ ਘਰ ਭਰ ਜਾਏਗਾ ਤੇਰਾ। ਐਤਕੀਂ ਦੀ ਫਸਲ ਹੋ ਜਾਣ ਦੇ, ਸਾਰੇ ਬੱਚਿਆਂ ਨੂੰ ਵਾਪਸ ਲੈ ਆਊਂਗਾ।...ਪਿੰਡ ਨੂੰ ਛੱਡ ਕੇ ਸਹੁਰੇ ਜਾਣਗੇ ਕਿਥੇ ?"

ਛੱਪੜ ਦੇ ਕਿਨਾਰੇ ਤੋਂ ਚੀਕਣੀ ਮਿੱਟੀ ਪੱਟ ਪੱਟ ਕੇ ਲਿਆ ਸਿਟੀ—"ਦੇਖਦੀ ਹੈਂ ਸਾਰਾ ਖੋਲਾ ਗਿਰਨ ਵਾਲਾ ਹੋ ਚਲਿਆ ਹੈ। ਇਹਨੂੰ ਲਿੱਪ ਪੋਚ ਦੇ। ਬੱਲਦਾਂ ਦੀ ਜੋੜੀ ਕਿਥੇ ਬੱਝੇਗੀ ?"

ਕਰਨਾ ਹੀ ਪਏਗਾ, ਉਹ ਜਾਣਦੀ ਹੈ ਕਿ ਜੇ ਨਹੀਂ ਕਰੇਗੀ ਤਾਂ ਉਹ ਆਪ ਲੱਗ ਪਏਗਾ। ਰੋਂਦੀ ਹੋਈ ਕੰਧਾਂ ਲਿਪਟੀ ਰਹਿੰਦੀ ਹੈ। ਪਿੰਡ ਦੀਆਂ ਔਰਤਾਂ ਦੇਖਦੀਆਂ ਤੇ ਘੁਸਰ ਮੁਸਰ ਕਰਦੀਆਂ।

ਮੋਲਰ ਸਿੰਘ ਨੂੰ ਖਬਰ ਪਹੁੰਚੀ। ਉਸ ਨੂੰ ਵਹਿਮ ਹੋ ਗਿਆ, ਬੁੱਢਾ ਕੋਈ ਚਾਲ ਤਾਂ ਨਹੀਂ ਚਲ ਰਿਹਾ ? ਖੇਤ 'ਚ ਜਾ ਕੇ ਦੇਖਿਆ, ਵਾਹ ਵਹਾਈ ਚੋਂ ਬਾਦ ਖੇਤ ਤਿਆਰ ਹੈ। ਤਿੰਨ ਚਾਰ ਮਜ਼ਦੂਰ ਕਿਆਰੀਆਂ ਦੀਆਂ ਵੱਟਾਂ ਬਣਾ ਰਹੇ ਹਨ ਅਤੇ ਉਹਨਾਂ ਵਿਚਕਾਰ ਕੱਸੀਆਂ ਹੱਥ 'ਚ ਲਈ ਰੂਪਨ ਵੀ ਜੁਟਿਆ ਹੋਇਆ ਹੈ।

ਰੂਪਨ ਨੇ ਮੋਲਰ ਸਿੰਘ ਨੂੰ ਦੇਖਿਆ ਤਾਂ ਕੱਸੀਆਂ ਸੁੱਟ ਕੇ ਕੋਲ ਗਿਆ—"ਆਉ ਚੌਧਰੀ ਸਾਹਿਬ, ਰਾਮ ਰਾਮ। ਜਿਵੇਂ ਰਸਤਾ ਭੁਲ ਕੇ ਆ ਗਏ ਇਧਰ ਅੱਜ" ?

"ਬਹੁਤ ਸ਼ੋਰ ਮੱਚ ਰਿਹਾ ਹੈ ਤੇਰਾ ਪਿੰਡ ਵਿੱਚ ? ਕੀ ਕਰ ਰਿਹਾ ਹੈਂ ਤੂੰ ਇੱਥੇ ?"

"ਮੈਂ ਕੀ ਕਰ ਰਿਹਾ ਹਾਂ ? ਮੇਰੇ ਬਿਨਾਂ ਕੰਮ ਖਤਮ ਹੋ ਜਾਂਦਾ ? ਸਾਰੀ ਧਰਤੀ ਵਾਹੀ, ਖਾਦ ਪਾਈ, ਹੁਣ ਕਿਆਰੇ ਬਣਾ ਰਿਹਾ ਹਾਂ......ਮਿੱਟੀ ਦੇਖੋ ਕਿਵੇਂ ਤਿਆਰ ਹੋ ਰਹੀ ਹੈ। ਬਾਰਾਂ ਸੇਰ ਬੀਜ ਪਾਊਂਗਾ ਇਸ ਵਾਰ। ਥੋੜ੍ਹੀ ਚਿੱਟੀ ਖਾਦ ਵੀ ਪਾਉਣੀ ਪਏਗੀ। ਮੈਂ ਤਾਂ ਸਦਾ ਤੋਂ ਇਸ ਧਰਤੀ ਦੀ ਨਬਜ਼ ਪਛਾਣਦਾ ਹਾਂ। ਰਾਮ ਦੀ ਕਿਰਪਾ ਨਾਲ ਐਸੀ ਫਸਲ ਉੱਗੇਗੀ ਕਿ ਘਰ ਭਰ ਜਾਣਗੇ ਅਨਾਜ ਨਾਲ।"

ਅਤੇ ਜਿਵੇਂ ਮਨ 'ਚ ਅਟਕਿਆ ਕੋਈ ਕੰਡਾ ਅਚਾਨਕ ਚੁਭ ਗਿਆ ਹੋਵੇ, ਉਹ ਅਵਾਜ਼ 'ਚ ਸ਼ਿਕਾਇਤ ਜਿਹੀ ਭਰਕੇ ਬੋਲਿਆ—"ਸਹੁਰੇ ਦੋਨੋਂ ਹੀ ਚਲੇ ਗਏ ! ਕਿੰਨੀ ਵਾਰ ਸਮਝਾਇਆ ਪਿੰਡ ਛੱਡ ਕੇ ਮੱਤ ਜਾਓ। ਧਰਤੀ ਤਾਂ ਮਾਂ ਵਰਗੀ ਹੁੰਦੀ ਹੈ, ਮਾਂ ਨੂੰ ਵੀ ਛੱਡ ਜਾਈਦੈ ? ਪਰ ਉਹ ਸੁਣਦੇ ਐ ਕਿਸੇ ਦੀ !......ਮੈਂ ਕਹਿਨਾਂ, ਚੌਧਰੀ, ਸਤਿਆਨਾਸ ਹੋ ਜਾਏਗਾ ਇਸ ਸਰਕਾਰ ਦਾ। ਐਸਾ ਕਨੂੰਨ ਬਨਾਇਆ ਕਿ ਭਰਿਆ ਘਰ ਚੌਪਟ ਹੋ ਗਿਆ।"

ਮੋਲਰ ਸਿੰਘ ਦੇ ਮਨ ਦਾ ਵਹਿਮ ਹਟ ਗਿਆ।

ਦਿਨ ਬੀਤਣ ਲੱਗੇ। ਬੀਜ ਪਾਇਆ ਗਿਆ, ਅੰਗੂਰੀ ਫੁੱਟੀ ਤੇ ਵੇਖਦਿਆਂ ਵੇਖਦਿਆਂ ਹੀ ਛੋਟੇ ਬੂਟੇ ਸਿਰ ਉਠਾ ਕੇ ਖੜੇ ਹੋ ਗਏ।

ਕੱਤਕ ਦੇ ਪਿਛੋਂ ਮੱਘਰ ਬੀਤ ਗਿਆ। ਕਿਸ਼ੋਰ ਅਵਸਥਾ ਦੀ ਚੰਚਲਤਾ ਨੇ ਪੌਦਿਆਂ ਨੂੰ ਥਰਕਾ ਦਿੱਤਾ। ਪੋਹ ਗਿਆ ਤਾਂ ਮਾਘ ਆਇਆ। ਜਵਾਨੀ ਦਾ ਤੂਫਾਨ ਪੌਦਿਆ ਦੇ ਅੰਗ ਅੰਗ ਵਿੱਚ ਨੱਚਣ ਲੱਗਾ। ਡੰਡਲ ਰਿਸ਼ਟ ਪੁਸ਼ਟ ਹੋ ਗਏ। ਪੱਤਿਆਂ ਓਹਲੇ, ਲਾਜ ਵਿੱਚ ਸਿਮਟੀਆਂ ਕੱਚੀਆਂ ਕੱਚੀਆਂ ਬੱਲੀਆਂ ਝਾਕਣ ਲੱਗੀਆਂ। ਦੂਰ ਦੂਰ ਤੱਕ ਖੇਤਾਂ ਵਿੱਚ ਹਰਿਆਲੀ ਵਿਛ ਗਈ। ਨਾਲੋ ਨਾਲ ਖੜ੍ਹੀ ਸਰ੍ਹੋਂ, ਸੁਨਹਿਰੀ ਗੋਟੇ ਦੀ ਕਿਨਾਰੀ ਵਾਂਗ ਖਿੜ ਗਈ ਸੀ। ਮਾਘ ਦੇ ਜਾਂਦਿਆਂ ਜਾਂਦਿਆਂ ਬੱਲੀਆਂ ਦੁੱਧ ਨਾਲ ਭਰ ਗਈਆਂ ਅਤੇ ਫੱਗਣ ਆਇਆ ਤਾਂ ਉਨ੍ਹਾਂ 'ਚ ਗਦਰਾਏ ਗਦਰਾਏ ਦਾਣੇ ਉਭਰ ਆਏ। ਧਰਤੀ ਦੀ ਕੁੱਖ ਵਿੱਚ ਪਾਇਆ ਹੋਇਆ ਬੀਜ ਕਈ ਗੁਣਾ ਬਣ ਕੇ ਫਲ ਉੱਠਿਆ। ਰੂਪਨ ਵੇਖਦਾ ਤਾਂ ਉਸਦੀਆਂ ਅੱਖਾਂ ਸੁੱਖ ਅਤੇ ਸੰਤੋਖ ਨਾਲ ਭਰ ਜਾਂਦੀਆਂ। ਐਨੇ ਦਿਨਾਂ 'ਚ ਇਕ ਦਿਨ ਵੀ ਅਜਿਹਾ ਨਹੀਂ ਲੰਘਿਆਂ ਸੀ ਜਦੋਂ ਉਹ ਖੇਤਾ ਵਿਚ ਨਾਂ ਆਇਆ ਹੋਵੇ। ਮਜ਼ਦੂਰ ਕੋਈ ਕੰਮ ਕਰਦੇ ਹੁੰਦੇ ਤਾਂ ਉਹ ਉਹਨਾਂ ਨਾਲ ਲੱਗਿਆ ਰਹਿੰਦਾ ਨਹੀਂ ਤਾਂ ਇਕੱਲਾ ਹੀ ਰੰਬੀ ਲਈ ਗੁਡਾਈ ਕਰਦਾ ਰਹਿੰਦਾ। ਖੇਤ ਦਾ ਇਕ ਇਕ ਪੌਦਾ ਉਸ ਦੇ ਹੱਥਾਂ ਦੀ ਛੋਹ ਨਾਲ ਮੌਲਿਆ ਹੈ। ਬੁੱਢੀ ਉਸਦੀ ਰੋਟੀ ਖੇਤ 'ਚ ਹੀ ਪਹੁੰਚਾ ਦਿੰਦੀ ਪਰ ਹੁਣ ਉਸਨੂੰ ਇਸ ਦੀ ਫਿਕਰ ਨਹੀਂ ਕਰਨੀ ਪੈਂਦੀ। ਬੁੱਢਾ ਚਾਹੇ ਕਿੰਨਾ ਵੀ ਸੁਦਾਈ ਹੋ ਗਿਆ ਹੋਵੇ ਕੰਮ ਤਾਂ ਆਖਰ ਉਸਦੇ ਖੇਤ 'ਚ ਹੀ ਕਰਦਾ ਹੈ, ਇਸ ਲਈ ਮੋਲਰ ਸਿੰਘ ਹਰ ਰੋਜ਼ ਬੱਝਵਾਂ ਆਟਾ ਲੱਖੀ ਦੀ ਮਾਂ ਨੂੰ ਦੇ ਦਿੰਦਾ ਹੈ ! ਰੂਪਨ ਨੇ ਟਾਹਲੀ ਥੱਲੇ ਮੰਜੀ ਡਾਹ ਰੱਖੀ ਹੈ। ਥੱਕ ਜਾਂਦਾ ਹੈ ਤਾਂ ਓਥੇ ਜਾ ਕੇ ਪੈ ਜਾਂਦਾ ਹੈ ਤੇ ਹੁੱਕੀ ਗੁੜਗੁੜਾਉਂਦਾ ਰਹਿੰਦਾ ਹੈ।

ਫਸਲ ਪੱਕ ਕੇ ਪੀਲੀ ਪੈ ਗਈ। ਅਤੇ ਇੱਕ ਦਿਨ ਦਾਤੀਆਂ ਦੀ ਲੰਬੀ ਕਤਾਰ ਦੇ ਵਿਚਕਾਰ ਗੀਤਾਂ ਦੀਆਂ ਅਵਾਜ਼ਾਂ ਨਾਲ ਸਾਰਾ ਮਾਹੌਲ ਗੂੰਜ ਉਠਿਆ। ਵਾਢੀ ਸ਼ੁਰੂ ਹੋਈ ਫਿਰ ਥੱਬੇ ਲੱਗੇ। ਕੱਟੀ ਫਸਲ ਦੇ ਢੇਰ ਪਿੜਾਂ ਵਿਚ ਪਹੁੰਚਣੇ ਸ਼ੁਰੂ ਹੋ ਗਏ।

ਫਲ੍ਹੇ ਪਾਏ ਗਏ। ਛਿਲਕਿਆਂ ਦੇ ਪਰਦੇ ਹਟਾ ਹਟਾ ਕੇ ਦਾਣੇ ਬਾਹਰ ਨਿਕਲ ਆਏ, ਛਜਲੀ ਲਾਈ ਗਈ, ਦਾਣੇ ਅਲੱਗ, ਤੂੜੀ ਅਲੱਗ।

ਕਣਕ, ਕਣਕ, ਕਣਕ! ਸੈਂਕੜੇ ਮਣਾਂ ਕਣਕ! ਕਣਕ ਦੇ ਉਸ ਵੱਡੇ ਢੇਰ ਉਪਰ ਚਿਲਮਲੌਂਦੀ ਧੁੱਪ ਕਾਰਨ ਨਿਗ੍ਹਾ ਠਹਿਰਦੀ ਹੀ ਨਹੀਂ।

ਟਰੈਕਟਰ ਤੇ ਟਰਾਲੀਆਂ ਆ ਕੇ ਖੜ੍ਹੇ ਹੋ ਗਏ। ਮੋਲਰ ਸਿੰਘ ਅੱਜ ਟਰਾਲੀ ਭਰ ਕੇ ਨੇੜੇ ਦੀ ਮੰਡੀ ਲੈ ਜਾਵੇਗਾ। ਲੇਕਿਨ ਸਰਤੇ ਨੇ ਪਹਿਲੀ ਛਜਲੀ ਭਰਕੇ ਟਰਾਲੀ 'ਚ ਪਾਉਣੀ ਸ਼ੁਰੂ ਹੀ ਕੀਤੀ ਸੀ ਕਿ ਰੂਪਨ ਇਕ ਦਮ ਗਰਜ ਉਠਿਆ, "ਖਬਰਦਾਰ ਸਰਤੇ, ਕਿਸਨੂੰ ਪੁੱਛ ਪੌਣ ਲੱਗਿਆ ਹੈਂ ਤੂੰ?"

ਸਰਤੇ ਠਠੰਬਰ ਕੇ ਖੜ ਗਿਆ। ਮੋਲਰ ਸਿੰਘ ਸਾਹਮਣੇ ਆਇਆ, "ਕੀ ਗੱਲ ਹੈ ਰੂਪਨ? ਮੈਂ ਕਿਹਾ ਹੈ ਸਰਤੇ ਨੂੰ"

"ਤੂੰ? ਤੂੰ ਕੌਣ ਹੈਂ? ਤੇਰਾ ਕੀ ਮਤਲਬ ਏ ਏਥੇ?"

"ਕਿਉਂ, ਖੇਤ ਕਿਸਦਾ ਹੈ ਇਹ?"

"ਤੇਰਾ ਹੈ? ਤੂੰ ਮਿਹਨਤ ਕੀਤੀ ਸੀ ਖੇਤ ਵਿਚ ਮਾਲੂਮ ਨਹੀਂ ਤੈਨੂੰ, ਕਨੂੰਨ ਬਣਿਆ ਹੈ ਖੇਤ ਉਸਦਾ ਜੋ ਮਿਹਨਤ ਕਰੇ ਖੇਤ ਵਿਚ"

"ਪਰ ਹੁਣ ਤਾਂ ਫੈਸਲਾ ਹੋ ਚੁਕਿਆ ਹੈ ਕਚਹਿਰੀ ਵਿੱਚ"

"ਐਸੀ ਤੈਸੀ ਕਚੈਹਰੀ ਦੀ। ਕਨੂੰਨ ਪਹਿਲਾਂ ਕਿ ਕਚੈਹਰੀ? ਜਦੋਂ ਕਨੂੰਨ ਬਣਾ ਦਿੱਤਾ ਸਰਕਾਰ ਨੇ ਤਾਂ ਕਚੈਹਰੀ ਕੌਣ ਹੈ ਤੋੜਨ ਵਾਲੀ? ਬੋਲ! ਤੂੰ ਕੀਤੀ ਸੀ ਮਿਹਨਤ, ਹਲ ਚਲਾਇਆ ਸੀ, ਖਾਦ ਪਾਈ ਸੀ, ਖਾਲ ਬਣਾਏ ਸਨ, ਪਾਣੀ ਦਿੱਤਾ ਸੀ, ਵਾਢੀ ਲਦਾਈ ਕੀਤੀ ਸੀ? ਬੋਲ, ਕਦੇ ਫੜਕਿਆ ਵੀ ਸੀ ਖੇਤ ਵਿੱਚ ਜੋ ਤਿਆਰ ਫਸਲ ਉਠਾਉਣ ਲਈ ਆ ਪਹੁੰਚਿਆ? ਮੈਂ ਕੀਤਾ ਸੀ ਸਾਰਾ ਕੰਮ। ਪੱਤ ਰਾਮ ਨੇ ਕੀਤਾ ਸੀ। ਬੁਧਣ, ਦੀਨਾ, ਪਰਭੂ ਤੇ ਸਰਤੇ ਨੇ ਕੀਤਾ ਸੀ। ਸਾਡਾ ਹੱਕ ਹੈ ਅਨਾਜ ਉਪਰ। ਰੁਪਿਆ ਧੇਲੀ ਮਜ਼ਦੂਰੀ ਦੇ ਕੇ ਤੂੰ ਸਾਰੇ ਅਨਾਜ ਦਾ ਮਾਲਕ ਬਨਣਾ ਚਾਹੁੰਦਾ ਹੈਂ।"

ਪਾਗਲ ਐ, ਕੌਣ ਬਹਿਸ ਕਰੇ ਇਸ ਨਾਲ। ਹੱਸਕੇ ਮੋਲਰ ਸਿੰਘ ਨੇ ਸਰਤੇ ਨੂੰ ਇਸ਼ਾਰਾ ਕਰ ਦਿੱਤਾ। ਛਜਲੀ ਉਠਾ ਕੇ ਉਹ ਫਿਰ ਵਧਿਆ।

"ਉਏ ਤੂੰ ਮੰਨੇਗਾ ਜਾਂ ਨਹੀਂ? ਵਾਪਸ ਰੱਖ ਛਜਲੀ!" ਜ਼ੋਰ ਦੀ ਗਰਜ ਕੇ ਰੂਪਨ ਨੇ ਦੋ ਤਿੰਨ ਲਾਠੀਆਂ ਉਸਦੀ ਪਿੱਠ ਅਤੇ ਟੰਗਾਂ ਤੇ ਧਰ ਦਿੱਤੀਆਂ।

"ਓਏ ਮਾਰਤਾ ਓਏ," ਸਰਤੇ ਚੀਕਿਆ ਤੇ ਲੜਖੜਾਂਦਾ ਉਥੇ ਹੀ ਡਿੱਗ ਪਿਆ।

ਸ਼ੋਰ ਮੱਚ ਗਿਆ—"ਫੜੋ ਓਏ ਫੜੋ, ਪਾਗਲ ਹੋ ਗਿਆ ਰੂਪਨ।" ਉੱਛਲ ਕੇ ਉਹ ਪਿੱਛੇ ਹੋ ਗਿਆ "ਖਬਰਦਾਰ ਜੇ ਕਿਸੇ ਨੇ ਹੱਥ ਲਾਇਆ। ਲੱਤਾਂ ਭੰਨ ਦੂੰਗਾ ਸਹੁਰੇ ਮੇਰੇ ਦੀਆਂ।" ਉਸਦਾ ਸਾਰਾ ਸਰੀਰ ਜ਼ੋਰ ਜ਼ੋਰ ਨਾਲ ਕੰਬ ਰਿਹਾ ਸੀ।

ਪਰ ਅੱਗੋਂ ਪਿਛੋਂ ਹੋ ਕੇ ਚਾਰ ਆਦਮੀਆਂ ਨੇ ਉਸਨੂੰ ਫੜ ਲਿਆ। ਉਹ ਰੌਲਾ ਪਾਉਂਦਾ ਰਿਹਾ ਪਰ ਉਸਦੇ ਹੱਥ ਪੈਰ ਬੰਨ੍ਹ ਕੇ ਉਸਨੂੰ ਇਕ ਪਾਸੇ ਮੰਜੇ ਤੇ ਪਾ ਦਿੱਤਾ।

ਦਿਨ ਭਰ ਉਹ ਚੀਕ ਚਿਹਾੜਾਂ ਪਾਉਂਦਾ ਰਿਹਾ, "ਦੁਸ਼ਟੋ, ਹਰਾਮ-ਜ਼ਾਦਿਓ! ਛੱਡ ਦਿਉ ਮੈਨੂੰ! ਉਏ ਤੁਹਾਡੇ ਹੀ ਭਲੇ ਦੀ ਗੱਲ ਕਰਦੇ ਹਾਂ। ਇਹ ਡਾਕੂ ਸਾਰਾ ਅਨਾਜ ਖੋਹ ਕੇ ਲੈ ਜਾਵੇਗਾ"

ਕਣਕ ਦਾ ਢੇਰ ਹੌਲੀ ਹੌਲੀ ਟਰਾਲੀ 'ਚ ਭਰਦਾ ਰਿਹਾ ਪਰ ਉਸ ਵਲ ਕਿਸੇ ਨੇ ਧਿਆਨ ਨਹੀਂ ਦਿੱਤਾ।

ਸ਼ਾਮ ਨੂੰ ਥਾਣੇ ਤੋਂ ਦੋ ਸਿਪਾਹੀ ਆਏ ਤੇ ਉਸਨੂੰ ਗੱਡੀ ਵਿੱਚ ਸਿੱਟ ਕੇ ਲੈ ਗਏ। ਸੁਣਿਆ ਹੈ ਪਿਛੋਂ ਉਸਨੂੰ ਦਿਲੀ ਦੇ ਹਸਪਤਾਲ ਵਿੱਚ ਭੇਜਿਆ ਗਿਆ ਜਿਥੋਂ ਉਸਨੂੰ ਖਤਰਨਾਕ ਕਿਸਮ ਦਾ ਪਾਗਲ ਦੱਸ ਕੇ ਕਿਸੇ ਪਾਗਲਖਾਨੇ ਵਿੱਚ ਭੇਜ ਦਿੱਤਾ ਗਿਆ। o

---

ਕਹਾਣੀ

# ਮੱਕੜੀ ਜਾਲ

o ਗੁਰਨਾਮ ਸਿੰਘ

'ਰਾਜਿਆ, ਤੇਰੀ ਬੇਬੇ ਕਿੱਥੇ ਐ ਉਏ?' ਮੇਹਰੂ ਨੇ ਮਗਰੀ ਲਾਕੇ ਲਿਆਂਦੀ ਤੂੜੀ ਦੀ ਗੰਢੜੀ, ਲਿਓੜ ਲੱਥੀ ਤੇ ਅਸਲੋਂ ਭੁਰਦੀ ਜਾਂਦੀ, ਤੇ ਖੋਖਲੀ ਹੋ ਚੁੱਕੀ ਕੰਧ ਦੇ ਇੱਕ ਸਿਰੇ ਨਾਲ ਲਾਉਂਦਿਆ, ਆਪਣੇ ਮੁੰਡੇ ਕੋਲੋਂ ਪੁੱਛਿਆਂ।

'ਬੇਬੇ? ਉਹ ਤਾਂ ਪੱਠੇ ਲੈਣ ਗਈ ਐ।'

'ਤੂੰ ਨ੍ਹੀ ਗਿਆਂ ਨਾਲ?'

'ਨਹੀਂ'

'ਕਿਉਂ? ਤੈਨੂੰ ਕਿੰਨੀ ਵਾਰ ਕਿਹੈ ਬਈ ਨਾਲ ਜਾਇਆਂ ਕਰ।'

ਉਹਨੇ ਤਾਂ ਮੈਨੂੰ ਰਾਹ 'ਚੋਂ ਈ ਮੋੜਤਾ...ਕਹਿੰਦੀ ਜਾਹ ਘਰੇ, ਘਰੇ ਹੈਨ੍ਹੀ ਕੋਈ।

'ਘਰੇ ਕੀ, ਭੈਣ ਮਰਾਵਿਓ ਕੋਠੇ ਪਏ ਐ ਜਿਹੜਾ ਕੋਈ ਚੱਕ ਕੇ ਲੈ ਜੂ'

'ਮੈਨੂੰ ਕੀ ਪਤੈ—ਮੈਂ ਤਾਂ ਮੁੜਦਾ ਨ੍ਹੀ ਸੀ...ਮੈਂ ਤਾਂ ਕਿਹਾ ਸੀ ਬਾਪੂ ਮੈਨੂੰ ਕੁੱਟੂ, ਅਗੋਂ ਹੀਂਜਰ ਕੇ ਪਈ, ਰੰਬਾ ਲੈਕੇ, ਮੈਂ ਫੇਰ ਕੀ ਕਰਦਾ।'

ਗਈ ਕਿੱਧਰ ਨੂੰ ਐਂ ?

'ਮਿੰਬਰਾਂ ਦੇ ਟ੍ਰਵੈਲਰ ਵੱਲੀਂ ਗਈ ਐ।

'ਹੈ ਇਹਦੀ ਮਾਂ ਨੂੰ ... ਗੰਦੀ ਲਾਦ ਨੂੰ ਵੀਹ ਵਾਰੀ ਕਿਹੈ, ਬਈ ਇਹ ਬੰਦੇ ਮਾੜੇ ਐ ਇਹਨਾਂ ਦੇ ਖੇਤਾਂ 'ਚ ਨਾ ਜਾਇਆ ਕਰ। ਜਦੋਂ ਵੇਖੋ ਓਧਰ ਨੂੰ ਭੱਜਦੀ ਐ......ਖਨ੍ਹੀ ਕੀ ਧਾਰਾਂ ਮਿਲ-ਦੀਐਂ ਓਥੋਂ ਆ ਲੈਣ ਦੇ ਕਿਰਾਂ ਅੱਜ ਇਹਨੂੰ ਇਹਦੀ......' ਆਖਦਾ ਤੇ ਖਿਝਦਾ ਮੇਹਰੂ ਥਾਂ ਥਾਂ ਤੋਂ ਗੰਢੀ ਮੰਜੀ ਡਾਹ ਕੇ ਜਿਸਦੇ ਹੇਠਾਂ ਬੋਹੜ ਦੀਆਂ ਦਾੜ੍ਹਾਂ ਵਾਗੂੰ ਰੱਸੀਆਂ ਲਟਕ ਰਹੀਆਂ ਸਨ, ਉੱਤੇ ਬਹਿ ਗਿਆ ਤੇ ਠਿੱਬੀ ਤੇ ਸੜੋਤਿਆਂ ਨਾਲ ਗੰਢੀ ਜੁੱਤੀ ਲਾਹ ਕੇ, ਇੱਕ ਡੱਕੇ ਨਾਲ ਤਲੇ ਤੋਂ ਮਿੱਟੀ ਦੇ ਬਣੇ ਖਲੇਪੜ ਲਾਹੁਣ ਲੱਗ ਪਿਆ।

'ਬਾਪੂ ਮੈਨੂੰ ਸਾਡੇ ਮਾਸਟਰ ਜੀ ਨੇ ਅੱਜ ਫੇਰ ਕੁੱਟਿਆ ਸੀ', ਰਾਜਾ ਜਿਹੜਾ ਬਸਤਾ ਖੋਹਲ ਕੇ ਪੜ੍ਹਨ ਬਹਿ ਗਿਆ ਸੀ, ਨੇ ਨਿੱਕਾ ਜਿਹਾ ਤੇ ਰੋਂਦੂ ਜਿਹਾ ਮੂੰਹ ਬਣਾਉਂਦਿਆਂ ਕਿਹਾ।

ਕਿਉਂ ?

'ਪੰਜਾਬੀ ਦੀ ਕਾਪੀ ਹੈ ਨ੍ਹੀ...ਨਾਲੇ ਮੇਰੇ ਪੈਨ ਦਾ ਪਰਾ ਟੁੱਟ ਗਿਆ।

'ਤੂੰ ਨਿੱਤ ਈ ਪਰੇ ਤੋੜ ਲਿਆਉਨੈਂ !'

'ਕਦੋਂ ?'

'ਹੋਰ ਕੀ ਉਏ ! ਪਿਛਲੇ ਮਹੀਨੇ ਤਾਂ ਪੁਆਕੇ ਦਿੱਤਾ ਸੀ ਚੁਆਨੀ ਦਾ।'

'ਲਿਖਦੇ ਲਿਖਦੇ ਟੁੱਟ ਗਿਆ ਹੁਣ, ਮੈਂ ਕੀ ਕਰਾਂ ਚੁਆਨੀ ਦਾ ਵੀ ਕੋਈ ਹੁੰਦੈ।'

'ਹੋਰ ਤੈਨੂੰ ਲਾਟ ਨੂੰ ਲਿਆ ਕੇ ਦਿਆਂ ਪੰਜਾਂ ਦਾ ਹੁਣੇ ਈਂ !'

'ਮੈਂ ਵੀ ਪੜ੍ਹਨਾਂ ਨੀ ਫੇਰ ਜੇ ਐਂ ਕਰਦੇ ਐਂ ਤਾਂ...ਓਧਰ ਬੇਬੇ ਵੇਬੇ 'ਜੀ ਗਾਲ੍ਹਾਂ ਕੱਢਦੀ ਰਹਿੰਦੀ ਐ, ਏਧਰੋਂ ਤੂੰ ਆਉਂਦਾ ਈ ਸਲੋਕ ਸੁਣਾਉਣ ਲੱਗ ਪੈਂਦਾ। ਮੈਂ ਕੀ ਕਰਾਂ ਫੇਰ...ਕਾਪੀ ਲਿਆ ਕੇ ਦੇਹ ਮੈਨੂੰ ਤਾਂ... ਨਾਲੇ ਪਰਾ, ਨਹੀਂ ਮੈਂ ਨ੍ਹੀ ਜਾਣਾ ਸਕੂਲ ਸਵੇਰੇ...... ਜਾਹ ਫੇਰ।' ਰਾਜੇ ਨੇ ਲੈਂਦਿਆਂ ਹੀ ਸਲੇਟ ਤੇ ਸਲੇਟੀ ਵਿਹੜੇ 'ਚ ਵਗਾਹ ਮਾਰੀ ਤੇ ਮੋਟੇ ਮੋਟੇ ਹੰਝੂ ਕੇਰਦਾ ਡੁਸੁਕਣ ਲੱਗ ਪਿਆ। ਤੇ ਨਾਲ ਹੀ ਅੰਦਰੋਂ ਕਿਸੇ ਬੱਚੇ ਦੇ ਰੋਣ ਦੀ ਉੱਚੀ ਅਵਾਜ਼ ਆਈ।

'ਉਏ, ਓਹ ਕੁੜੀ ਨੂੰ ਵੀ ਘਰੇ ਛੱਡਗੀ—ਇਹਦੀ-ਸਾਂ ਨੂੰ......ਇਹਨੇ ਬੜਾ ਲਹੂ ਪੀਤੈ ਕਮਜਾਤ ਨੇ, ਬੜੇ ਤੰਗ ਕੀਤੇ ਐ ਕੁੱਤੀ ਤੀਹੀਂ ਨੇ। ਰਾਜੇ, ਉਏ ਰਾਜੇ ਜਾਹ ਮੇਰਾ ਚੁੱਕ ਪੁੱਤ ਭੈਣ ਨੂੰ, ਮੈਂ ਜਾਨਾਂ ਲਿਆਉਨਾਂ ਤੇਰੀ ਕਾਪੀ ਤੇ ਲਿਆ ਫੜ ਆਪਦਾ ਪੈਨ ਪਰਾ ਵੀ ਪੁਆ ਲਿਆਵਾਂ। ਉੱਠ ਮੇਰਾ ਲੱਡੋ। ਐਵੇਂ ਨੀ ਬੀਹਰੀ ਦਾ ਹੁੰਦਾ, ਲੈ ਮੈਂ ਜਾਨਾਂ ਤੂੰ ਖਿਡਾ ਭੈਣ ਨੂੰ, ਕਿਵੇਂ ਬਿਲਕੀ ਜਾਂਦੀ ਐ।" ਕਹਿੰਦਿਆਂ ਮੇਹਰੂ ਨੇ ਭੂੰਜਿਓਂ ਚੱਕ ਆਪਣੇ ਮੁੰਡੇ ਨੂੰ ਮੋਢੇ ਲਾ ਲਿਆ ਤੇ ਥਾਪੀਆਂ ਦੇਣ ਲੱਗ ਪਿਆ। ਉਹਨੂੰ ਬੈਠਾ ਕੇ, ਮੇਹਰੂ ਸੱਜਾ ਹੱਥ ਪਾਟੇ ਜੇ ਖੀਸੇ 'ਚ ਮਾਰਦਾ ਤੇ ਕੁਛ ਟੋਲਦਾ ਬੂਹਿਓਂ ਬਾਹਰ ਹੋ ਗਿਆ। ਤੇ ਰਾਜਾ ਕਰੋੜੀ 'ਚ ਲੇਰਾਂ ਮਾਰਦੀ ਛੋਟੀ ਕੁੜੀ ਨੂੰ ਚੁੱਕਣ ਵੜ ਗਿਆ।

'ਰਾਜੇ ? ਵੇ ਰਾਜਿਆ ?' ਬਰਸੀਨ ਦੀ ਗੰਢੜੀ ਬਾਰ ਨਾਲ ਸੁਟਦਿਆਂ ਬੀਰੋ ਨੇ ਆਪਣੇ ਮੁੰਡੇ ਨੂੰ ਅਵਾਜ਼ ਮਾਰੀ।

"ਮੈਂ ਅੰਦਰ ਆਂ ਬੇਬੇ—ਰਾਣੀ ਰੋਂਦੀ ਸੀ...ਮੈਂ ਚੁੱਕੀ ਬੈਠਾਂ।"

"ਵੇ ਤੇਰਾ ਬਾਪੂ ਨ੍ਹੀ ਆਇਆ ਅਜੇ ਮੁੜਕੇ ?'

'ਆਇਆ ਸੀ-ਨਾਲੇ ਤੈਨੂੰ ਗਾਲ੍ਹਾਂ ਕੱਢਦਾ ਸੀ।'

'ਕੀ ਕਹਿੰਦਾ ਸੀ—ਗਾਲ੍ਹਾਂ ਤੋਂ ਬਿਨਾਂ ਹੋਰ ਉਹਨੂੰ ਕੰਮ ਕੀ ਐ ਭਲਾ ?'

'ਕਹਿੰਦਾ ਸੀ—ਨਾ.. ਆ ਲੈਣ ਦੇ ਇਹਨੂੰ...ਤੈਨੂੰ ਮਿੰਬਰਾ ਦੇ ਖੇਤ ਜਾਣੋਂ ਰੋਕਦਾ ਸੀ।'

'ਕਿਉਂ ਮੈਂਬਰ ਮੈਨੂੰ ਖਾਂਦੇ ਐ ਔਤਰਿਆ ਦਿਉ ? ਹਾਅ ਜਿਹੜੀ ਢਾਡੀ ਬੰਨ੍ਹ ਛੱਡੀ ਐ ਕਿੱਲੇ, ਇਹਦਾ ਢਿੱਡ ਵੀ ਭਰਨੈ ਕਿ ਨਹੀਂ...ਮੈਂ ਕਹਿੰਨੀ ਆਂ ਚੱਲ ਕੁਸ ਦੁੱਧ ਟੱਬਰ ਦੇ ਮੂੰਹ ਪੈ ਜਾਂਦੈ ਜਿਹੜਾ ਡੰਗ ਦਿਹਾੜੀ ਦਿੰਦੀ ਐ.. ਭੁੱਖੀ ਰਖੋਗੇ ਤਾਂ ਪੀ ਲਿਓ ਫਿਰ ਮੂਤ !'

'ਤੂੰ ਫੇਰ ਉਹਨਾਂ ਦੇ ਘੱਪੇ ਨਾਲ ਟ੍ਰ ਵੈਲਰ 'ਚ ਕੀ ਲੈਣ ਜਾਨੀ ਹੁੰਨੀ ਐ।'

ਭੇਰਾ ਭਰ ਜੁਆਕ ਦੇ ਮੂੰਹੋਂ ਏਡੀ ਗੱਲ ਸੁਣਕੇ ਬੀਰੋ ਲਈ ਜਿਵੇਂ ਧਰਤੀ ਪਾਟ ਗਈ। ਉਹਦੇ ਕਪਾਲ 'ਚ ਜਿਵੇਂ ਬਿਜਲੀ ਵੱਜੀ ਹੋਵੇ। ਉਹਦਾ ਚਿਹਰਾ ਇਕ-ਦਮ ਪੀਲਾ ਪੈ ਗਿਆ। ਉਹਦੇ 'ਚ ਜਿਵੇਂ ਖੜੋਣ ਦੀ ਸਤਿਆ ਹੀ ਨਾ ਰਹੀ ਹੋਵੇ। ਅਚਾਨਕ ਪਤਾ ਨਹੀਂ ਉਹਨੂੰ ਕੀ ਹੋਇਆ ਉਹਦੇ ਆਨੇ ਚੜ੍ਹ ਗਏ। ਉਸ ਤਾੜ ਤਾੜ ਕਰਦੀਆਂ ਚਾਰ ਪੰਜ ਮੋਟੀਆਂ ਮੋਟੀਆਂ ਰਾਜੇ ਦੇ ਮੂੰਹ 'ਤੇ ਉਪਰ ਥਲੀ ਜੜ੍ਹ ਦਿੱਤੀਆਂ। ਜਿਸ ਨਾਲ

ਮੂੰਡੇ ਦੀਆਂ ਡਾਡਾਂ ਨਿਕਲ ਗਈਆਂ। 'ਤੇ ਨਾਲ ਛੋਟੀ ਕੁੜੀ ਦੀਆਂ ਵੀ।

'ਵੇ ਫੇਰ ਬਕੇਂਗਾ ਇਉਂ ਹਰਾਮਦਿਆ ?' ਬੀਰੋ ਸ਼ਰਮ ਤੇ ਡਰ ਨਾਲ ਕੰਬੀ ਜਾ ਰਹੀ ਸੀ ਤੇ ਉਹ ਚੀਖ ਵੀ ਰਹੀ ਸੀ।

'ਨਹੀਂ ਕਹੂੰਗਾ ਬੇਬੇ.. ਬੇਬੇ ਬਣ ਕੇ ਹੁਣ ਨਾ ਮਾਰੀਂ।' ਕਰਲ ਕਰਲ ਹੰਝੂ ਸਿਟਦਾ ਰਾਜਾ ਆਪਣੇ ਲਾਲ ਬਿੰਬ ਹੋਈ ਗੱਲ ਨੂੰ ਇਕ ਹੱਥ ਨਾਲ ਪਲੋਸ ਰਿਹਾ ਸੀ ਜਿਸ ਉਤੇ ਉਂਗਲਾਂ ਦੇ ਮੋਟੇ ਨਿਸ਼ਾਨ ਪੈ ਗਏ ਸਨ ਦੂਜਾ ਹੱਥ ਉਹਨੇ ਆਪਣੀ ਬੇਬੇ ਵਲ ਇਉਂ ਖੜਾ ਕੀਤਾ ਹੋਇਆ ਸੀ ਜਿਵੇਂ ਉਹ ਅਜੇ ਉਹ ਹੋਰ ਚਪੇੜਾਂ ਤੋਂ ਬਚਣਾ ਚਾਹੁੰਦਾ ਹੋਵੇ। ਥਰ ਥਰ ਕੰਬ ਰਹੇ ਤੇ ਮਣ ਮਣ ਹੰਝੂ ਕੇਰਦੇ ਰਾਜੇ ਦਾ ਭੈਭੀਤ ਚਿਹਰਾ ਤੱਕਕੇ ਬੀਰੋ ਨੂੰ ਚੱਕਰ ਜਿਹਾ ਆਉਂਦਾ ਜੁ ਪਿਆ। ਜਿਵੇਂ ਉਹਨੂੰ ਦੌਰਾ ਪੈਣ ਲੱਗਾ ਹੋਵੇ। 'ਹਾਏ ਨੀ ਅੰਮੜੀਏ!' ਉਹ ਕਹਿੰਦੀ ਬੂਹੇ ਦੇ ਤਖਤੇ ਨਾਲ ਘਿਸਰਦੀ ਡਿੱਗ ਜਹੀ ਪਈ। ਤੇ ਹਿਡਕੀਆਂ ਲੈਂਦੀ, ਵੈਣ ਜਿਹੇ ਪਾਉਂਦੀ ਰੋਣ ਲਗ ਪਈ। ਰਾਜਾ ਰੋਂਦੀ ਕੁੜੀ ਨੂੰ ਮੰਜੀ ਤੇ ਪਾ ਕੇ ਆਪਣੀ ਮਾਂ ਦੇ ਗੱਲ ਨੂੰ ਚੰਬੜ ਕੇ ਡਾਡਾਂ ਮਾਰਨ ਲੱਗ ਪਿਆ।

'ਓਏ ਥੋਨੂੰ ਕੀ ਹੋ ਗਿਆ ਕਮਲਿਆ ਟੱਬਰਾਂ... ਨੇਰੇ ਦੇਣਿਉਂ ਕਦੇ ਹੱਸ ਕੇ ਵੀ ਦਿਖਾ ਦਿਆ ਕਰੋ, ਜਦੋਂ ਆਈਦੇ ਥੱਕੇ ਟੁੱਟੇ ਥੋੜਾ ਕੋਈ ਨਾ ਕੋਈ ਸਿਆਪਾ ਖੜ੍ਹਾ ਹੁੰਦੈ। ਪਤਾ ਨ੍ਹੀ ਕਿਹੜੇ ਜਰਮਾਂ ਦੇ ਬਦਲੇ ਦੇਣੇ ਐ ਇਨ੍ਹਾਂ ਦੇ ਕੰਜਰਾਂ ਦੀ ਗੰਦੀ ਉਲਾਦ ਚੋਂ।' ਮੋਹਰੂ ਨੇ ਬੂਹੇ ਵੜਦਿਆਂ ਮਾਂ ਪੁੱਤ ਨੂੰ ਰੋਂਦੇ ਵੇਖ, ਸ਼ਸ਼ੋਪੰਜ 'ਚ ਪਏ ਨੇ ਚਿੱਤ ਔਖਾ ਕਰਦਿਆਂ ਕਿਹਾ।' ਤੇ ਫੇਰ ਉਹ ਗਾਂ ਦੇ ਪੈਰਾਂ 'ਚ ਪਈ ਸਲੇਟ ਤੇ ਸਲੇਟੀ ਚੁੱਕਣ ਲੱਗ ਪਿਆ।

'ਲੈ ਰਾਜਿਆ, ਪੁੱਤ ਉਏ, ਤੇਰੀ ਕਾਪੀ ਲਿਆਤੀ ਨਵੀਂ, ਆਹ ਲੈ ਪੈਨ ਵੀ ਨਵਾਂ ਈ ਲਿਆਤਾ ਮੈਂ ਤਾਂ... ਪੈਸੇ ਦੇ ਦਿਆਂਗੇ, ਦਿਹਾੜੀ ਲਿਆ ਕੇ।' ਨਵੇਂ ਪੈਨ ਦਾ ਨਾਂ ਸੁਣਕੇ, ਰਾਜਾ ਇੱਕ ਦਮ ਪਾਸੇ ਹੋ ਕੇ ਹੰਝੂ ਪੂੰਜਣ ਲੱਗ ਪਿਆ। ਨਵੀਂ ਕਾਪੀ ਤੇ ਨਵਾਂ ਪੈਨ ਲੈਕੇ ਉਹ ਖੁਸ਼ ਹੋ ਗਿਆ ਸੀ ਤੇ ਫੇਰ ਝੱਟ ਹੀ ਪੜ੍ਹਨ ਬਹਿ ਗਿਆ।

'ਤੈਨੂੰ ਭਲਾ ਹੁਣ ਕੀ ਹੋਇਐ ਰਕਾਨੇਂ ? ਕਿਉਂ ਵਸਦੇ ਰਸਦੇ ਘਰ 'ਚ ਵੈਣਾਂ ਨੂੰ ਵਾਢਾ ਧਰਿਐ।' ਮੋਹਰੂ ਨੇ ਗੁੱਸਾ ਦਬਾਉਂਦਿਆਂ, ਘਾਬਰੇ ਹੋਏ ਨੇ ਪੁੱਛਿਆ।

ਆਪਦੇ ਜਣਦਿਆਂ ਨੂੰ ਰੋਨੀਂ ਆਂ, ਹੋਰ ਮੈਨੂੰ ਕੀ ਹੋਣਾ ਸੀ।' ਬੀਰੋ ਨੇ ਮੈਲੀ ਪਾਟੀ ਚੁੰਨੀ ਦੇ ਨਾਲ ਅੱਖਾਂ ਪੂੰਝਦਿਆਂ ਕਿਹਾ।

"ਉਹਨਾਂ ਵਿਚਾਰਿਆਂ ਤੇਰਾ ਕੀ ਬੁਰਾ ਕਰਨਾ, ਹੈਂ?"

'ਜੰਮਦੀ ਦਾ ਗਲਾ ਘੁੱਟ ਕੇ ਮਾਰ ਦਿੰਦੇ ਤਾਂ ਚੰਗਾ ਨਾ ਹੁੰਦਾ। ਸਾਰੀ ਦਿਹਾੜੀ ਮਰ ਖਪ ਕੇ ਕੰਮ ਕਰੀਦੈ, ਕਿਤੇ ਦੋ ਮਿਨਟ 'ਰਾਮ ਕਰਨ ਨੂੰ ਵੀ ਹਲ ਨ੍ਹੀ ਮਿਲਦੀ ਜਾਇਖਾਣੇ ਦੀ—ਫੇਰ ਭੜੋਲੀ ਖਾਲੀ ਦੀ ਖਾਲੀ...ਖੋਲੀ ਅੱਡ ਭੁੱਖੀ ਮਰਦੀ ਐ। ਸਾਲ ਸਾਲ ਜੁਆਕਾਂ ਨੂੰ ਝੱਗਾ ਨ੍ਹੀ ਜੁੜਦਾ... ਆਪ ਮੰਗਤੇ ਬਣੇ ਪਏ ਆਂ ਲੀਰਾਂ ਸਿਉਂ ਸਿਉਂ ਕੇ ਕੋਈ ਕਿੰਨਾ ਕੁ ਨੰਗ ਢਕੂਲ। ਦਾਲ ਸਬਜੀ ਦਾ ਕਦੀ ਮੂੰਹ ਨ੍ਹੀਂ ਵੇਖਿਆਂ, ਮੂੰਹ ਵੀ ਵੇਖਿਆ ਹੋਵੇ ਭਲਾਂ, ਇਹ ਵੀ ਕੋਈ ਜੂੰਨ ਐ ਵਲਾਂ, ਏਦੂੰ ਤਾਂ ਖੂਹ ਖਾਤੇ ਪੈ ਕੇ ਮਰੇ ਚੰਗੇ ਆਂ—ਜਾਨ ਤਾਂ ਸੌਖੀ ਹੋਊ ਇਹੋ ਜੇ ਜਿਉਣ ਖੁਣੋਂ ਕੀ ਥੁੜਿਆ ਪਿਐ।'

ਇਉਂ ਝੋਰੇ ਕੀਤਿਆਂ ਤਾਂ ਕੁਛ ਨ੍ਹੀ ਬਣਨਾਂ, ਜੋ ਕਰਮਾਂ 'ਚ ਲਿਖਿਐ ਉਹੀ ਮਿਲਣੈਂ। ਪਿਛਲੇ ਜਨਮ ਦਾ ਚੰਗਾ ਮੰਦਾ ਕੀਤਾ ਮੂਹਰੇ ਆਈ ਜਾਂਦੈ, ਬਲਵੀਰ ਕੁਰੇ! ਕੋਈ ਲਿਖਿਆ ਦੇਣੈ ਇਹਨਾਂ ਲੋਕਾਂ ਦਾ ਆਪਾਂ। ਜਿਹੜੇ ਰਾਤ ਦਿਨੇ ਚੰਮ ਵੀ ਲਾਹੁੰਦੇ ਐਂ ਤੇ ਗਾਲ੍ਹ ਤੋਂ ਬਿਨਾਂ ਗੱਲ ਨ੍ਹੀ ਕਰਦੇ। ਇੱਜ਼ਤਾਂ ਵਾਧੂ ਦੀਆਂ ਲੁਟਦੇ ਐ—ਅਸੀਂ ਫੇਰ ਵੀ ਨ੍ਹੀ ਕੁਸਕਦੇ ਕਿਸੇ ਮੂਹਰੇ...ਸਾਲਾ ਢਿੱਡ ਵੀ ਕੀ ਕੀ ਕਰਾਈ ਜਾਂਦੈ ਸਾਥੋਂ! ...ਇਹ ਤਾਂ ਏਵੇਂ ਚੱਲੀ ਜਾਣੀ ਐਂ...ਉੱਠ ਚਲ ਹੁਣ, ਕਰ ਰੋਟੀ ਪਾਣੀ।' ਮੋਹਰੂ ਦਾ ਗੁੱਸਾ ਪਤਾ ਨਹੀਂ ਖੰਭ ਲਾ ਕੇ ਕਿੱਧਰ ਉੱਡ ਗਿਆ ਸੀ।'

'ਰੋਟੀ ਪਾਣੀ ਕੀ ਕਰਾਂ, ਕੁਛ ਲਿਆਵੇਂਗਾ ਤਾਂ ਚੁੱਲ੍ਹੇ ਅੱਗ ਬਲੂ।'

'ਘਬਰਾਉਂਦੀ ਕਾਹਨੂੰ ਐਂ ਰਾਜੇ ਦੀ ਬੇਬੇ, ਜਿੰਨਾਂ ਚਿਰ ਆਪਾਂ ਸਿਰ ਸੁੱਟੀ ਜੁੜੇ ਜਾਵਾਂਗੇ ਇਹੀ ਹੋਈ ਜਾਣੈਂ। ਫਿਰ ਇਹ ਕੋਈ ਨਵੀਂ ਗੱਲ ਤਾਂ ਨ੍ਹੀ।' ਨਿੱਤ ਇਹੀ ਹੁੰਦੈ। ਜੱਟ, ਸਾਲੇ ਲੰਡੇ ਦੇ, ਦਿਹਾੜੀਆਂ ਲੁਆ ਲੈਂਦੇ ਐ, ਪੈਸੇ ਦੇਣ ਦਾ ਨਾਂ ਨ੍ਹੀ ਲੈਂਦੇ, ਅੱਜ ਦਿੰਨੇ ਆਂ ਕੱਲ੍ਹ ਦਿੰਨੇ ਆਂ-ਛੇ ਛੇ ਮਹੀਨੇ ਇਉਂ ਈ ਟਪਾ ਦਿੰਦੇ ਐ। ਵਾਧੂ ਦਾਣੇ ਮੰਗਦੇ ਤਾਂ ਉਂ ਮਰਦੇ ਆਂ। ਅਗਲੇ ਮੁਫਤ ਕੰਮ ਭਾਲਦੇ ਐ ਫ਼ਿਰ, ਵਿਆਜ ਲਾ ਕੇ ਮਣ ਦੀ ਦੋ ਮਣ ਬਣਾ ਲੈਂਦੇ ਐ।...ਜਾਹ ਐਂ ਕਰ ਬੰਤੀ ਤੋਂ ਫੜ ਲਿਆ ਸੇਰ ਧਸੇਰ ਹਧਾਰਾ ਹੁਣੇ ਭਿਆ ਕੇ ਲਿਆਈ ਐ।'

'ਉਹ ਕੀ ਲਿਆਈ ਹੋਊ ਮਣ ਭਿਆ ਕੇ, ਪੰਦਰਾਂ ਜੀ ਐ, ਦਸ ਸੇਰ ਭਿਆ ਕੇ ਲਿਆਈ ਹੋਊ ਡੰਗ ਡੋਢ ਡੰਗ ਦਾ।'

ਫੇਰ ਹੀਲਾ ਵਸੀਲਾ ਤਾਂ ਕਰਨਾ ਈ ਪਊ ਕੋਈ, ਮੈਂ ਜਾਨਾਂ ਕਿਸੇ ਤੋਂ ਪੁੱਛਦਾ ਦਾਣਾ ਫੱਕਾ ..ਕੋਟੂ ਕੇ ਤਿੰਨ ਦਿਹਾੜੀਆਂ ਲਾਈਆਂ ਸੀ ਉਹਨਾਂ ਨੂੰ ਪੁੱਛ ਕੇ ਆਉਨਾਂ।' ਆਖ ਕੇ ਮੇਹਰੂ ਘਰੋਂ ਬਾਹਰ ਨਿਕਲ ਗਿਆ ਤੇ ਬੀਰੋ ਹੌਂਕੇ ਲੈਂਦੀ ਉਠ ਖਲੋਤੀ।

ਉਸ ਨੇ ਲਿਆਂਦੀ ਬਰਸੀਨ ਕੁਤਰੀ, ਤੂੜੀ 'ਚ ਮਿਲਾਈ ਤੇ ਕਦੋਂ ਦੀ ਖੁਰ ਵੱਢ ਕਰਦੀ ਤੇ ਰੱਸਾ ਤੁੜਾਉਂਦੀ ਗਾਂ ਨੂੰ ਪਾ ਦਿਤੀ। ਬੁਰਕ ਭਰ ਭਰ ਪੱਠੇ ਨਿਗਲਦੀ ਗਾਂ ਨੂੰ ਵੇਖ, ਬੀਰੋ ਦਾ ਆਪਣਾ ਵੀ ਜੀਅ ਕੀਤਾ ਕਿ ਉਹ ਵੀ ਨਾਲ ਹੀ ਲੱਗ ਪਵੇ। ਭੁੱਖ ਨਾਲ ਕੱਠੀਆਂ ਹੁੰਦੀਆਂ ਆਂਦਰਾ ਨੇ ਉਸ ਦੇ ਅੰਦਰ ਖਲਬਲੀ ਪਾਈ ਹੋਈ ਸੀ।

ਉਹ ਅੰਦਰ ਵੜੀ, ਫੋਲਾ-ਫਾਲੀ ਕਰਕੇ ਉਸ ਨੇ ਮਸਾਂ ਇਕ ਛੋਟਾ ਤੇ ਸੁਕਿਆ ਜਿਹਾ ਗੰਢਾ ਲੱਭਿਆ। ਜਿਸ ਦੀ, ਕੂੰਡੇ 'ਚ ਸੁੱਟ ਲੂਣ ਮਿਰਚ ਪਾ ਕੇ ਉਸ ਨੇ ਚਟਨੀ ਕਰ ਲਈ। ਏਨੇ ਨੂੰ ਮੇਹਰੂ ਪੱਗ ਦੇ ਲੜ ਬੰਨ੍ਹੀ, ਸੇਰ ਕੁ ਆਟਾ ਲੈ ਕੇ ਮੁੜ ਆਇਆ। ਆਟਾ ਪੱਗ 'ਚ ਪਈ ਇਕ ਛੋਟੀ ਮੋਰੀ ਥਾਣੀਂ ਕਿਰਦਾ ਆਇਆ ਸੀ। ਏਸ ਲੜ ਤੋਂ ਬਿਨਾਂ ਬਾਕੀ ਸਾਰੀ ਪੱਗ ਤਾਂ ਹੁਣ ਛਣ ਚੁਕੀ ਸੀ। ਡੁਲ੍ਹਦੇ ਆਟੇ ਬਾਰੇ ਬੀਰੋ ਦੇ ਕਹਿਣ 'ਤੇ ਉਹ ਕੁਛ ਨਾ ਬੋਲਿਆ ਜਿਵੇਂ ਇਹ ਸਭ ਕੁਝ ਉਸ ਨੂੰ ਰਾਸ ਆ ਗਿਆ ਸੀ।

ਬੀਰੋ ਰੋਟੀ ਦੇ ਆਹਰ ਲੱਗ ਗਈ। ਰਾਜਾ ਕੰਧੋਲੀ 'ਤੇ ਪਏ ਦੀਵੇ ਦੀ ਲੋਅ 'ਚ ਬੈਠਾ ਪੜ੍ਹੀ ਜਾ ਰਿਹਾ ਸੀ। ਬੀਰੋ ਨੇ ਲਿਉੜ ਵਰਗੀ ਪਹਿਲੀ ਰੋਟੀ ਲਾਹ ਕੇ ਮੇਹਰੂ ਨੂੰ ਫੜਾ ਦਿਤੀ ਤੇ ਉੱਤੇ ਉਂਗਲ ਨਾਲ ਭੋਰਾ ਚਟਣੀ ਭਰ ਦਿਤੀ।

'ਤੈਨੂੰ ਮੈਂ ਰੋਜ਼ ਆਂਹਦਾ ਬਈ ਤੂੰ ਮਿੰਬਰਾਂ ਦੇ ਖੇਤਾਂ 'ਚ ਨਾ ਜਾਇਆ ਕਰ—ਉਹ ਬੰਦੇ ਚੰਗੇ ਨ੍ਹੀਂ।' ਮੇਹਰੂ ਦੀ ਅਚਾਨਕ ਕਹੀ ਗੱਲ ਸੁਣ ਕੇ, ਮਾਂ ਪੁੱਤ ਦੀ ਨਜ਼ਰ ਉੱਠੀ, ਮਿਲੀ ਤੇ ਫਿਰ ਉਹ ਦੋਵੇਂ ਨੀਵੀਂ ਪਾ ਗਏ।

ਉਸ ਸਾਲ ਸਰਦ ਰੁੱਤ ਦੀਆਂ ਸੀਤ ਹਵਾਵਾਂ ਬੇਰਹਿਮੀ ਨਾਲ ਵਗੀਆਂ। ਠੱਕੇ ਨੇ ਹੱਡਾਂ ਦਾ ਕੜਾਕਾ ਕੱਢ ਦਿਤਾ। ਖੇਤੀ ਦੇ ਦਿਨ ਰਾਤ ਦੇ ਬੇਅਰਾਮ ਕੰਮਾਂ ਨੇ, ਮੇਹਰੂ ਦਾ ਮਾੜੂਆ ਜਿਹਾ ਰਹਿ ਗਿਆ ਸਰੀਰ, ਜਿਹੜਾ ਬੀੜੇ ਅਤੇ ਗੋਲੀਆਂ 'ਤੇ ਟਿਕ ਗਿਆ ਸੀ, ਅਸਲੋਂ ਹੀ ਸੂਤਿਆ ਗਿਆ। ਤੇ ਅੰਤ ਸਰਦੀ ਦੀ ਤਾਬ ਨਾ ਝਲਦਾ ਹੋਇਆ, ਮੇਹਰੂ ਮੰਜੇ ਤੇ ਅਜਿਹਾ ਡਿੱਗਾ ਕਿ ਮੁੜ ਕੇ ਉੱਠਣ ਜੋਗਾ ਨਾ ਰਿਹਾ।

ਰਾਜਾ ਜਿਹੜਾ ਪੜ੍ਹਨ 'ਚ ਕਾਫੀ ਹੁਸ਼ਿਆਰ ਸੀ, ਊਂ ਵੀ ਪੂਰਾ ਚੁਸਤ ਚਲਾਕ, ਉਸ ਨੂੰ ਨੌਂਵੀਂ ਦੇ ਅੱਧ ਵਿਚਕਾਰੋਂ ਹੀ ਸਕੂਲ ਛੱਡਣਾ ਪਿਆ। ਉਸ ਦੇ ਬਾਪੂ ਨੂੰ ਠੰਡ ਲੱਗੀ, ਨਮੂਨੀਆਂ ਹੋਇਆ ਤੇ ਫਿਰ ਟਾਈਫਾਈਡ ਜੋ ਦਿਨ ਬਦਿਨ ਖ਼ਤਰਨਾਕ ਰੂਪ ਧਾਰਨ ਲੱਗਾ। ਪਰ ਡਾਕਟਰਾਂ ਦੇ ਖਰਚੇ 'ਤੇ ਦੁਆਈ ਬੂਟੀ ਜੋਗਾ ਘਰ ਵਿਚ ਕੁਛ ਵੀ ਨਹੀਂ ਸੀ। ਬੀਰੋ ਨੇ ਆਪਣੇ ਪਤੀ ਨੂੰ ਤੰਦਰੁਸਤ ਵੇਖਣ ਲਈ ਜੋ ਉਸ ਤੋਂ ਚੰਗਾ ਮਾੜਾ ਹੋਇਆ ਉਸ ਨੇ ਕੀਤਾ। ਸਗੋਂ ਫਿਕਰਾਂ ਵਿਚ ਉਹ ਆਪ ਵੀ ਸੁੱਕ ਕੇ ਤਾਂਬੜ ਹੋ ਗਈ। ਪਰੰਤੂ ਉਸਦੀ ਕਿਸੇ ਵੀ ਓਹੜ ਪੋਹੜ ਨੇ ਕੋਈ ਵਸੀਲਾ ਨਾ ਬਣਾਇਆ। ਉਸ ਦੇ ਮਾਪੇ ਜਿਹੜੇ ਆਪ ਇਹੋ ਜੇਹੇ ਮੰਦੜੇ ਹਾਲਾਂ 'ਚ ਦਿਨ ਕੱਟੀ ਕਰ ਰਹੇ ਸਨ, ਉਹ ਵਿਚਾਰੇ ਹਮਦਰਦੀ ਦੇ ਹੰਝੂ ਰੋਣ ਤੋਂ ਬਿਨਾਂ ਕੀ ਕਰ ਸਕਦੇ ਸਨ। ਚਾਰਾਂ ਪੰਜਾਂ ਮਹੀਨਿਆਂ ਦੇ ਦੁੱਖਾਂ, ਭੋਖਿਆਂ ਦੇ ਘੋਲ ਮਗਰੋਂ ਅੰਤ ਬੀਰੋ ਦਾ ਪਤੀ ਤੇ ਰਾਜੇ-ਰਾਣੀ ਦਾ ਬਾਪੂ ਪੂਰਾ ਹੋ ਗਿਆ। ਤੇ ਬੀਰੋ ਲਈ ਰਾਜੇ ਤੇ ਰਾਣੀ ਲਈ ਉਹਨਾਂ ਦੀ ਜ਼ਿੰਦਗੀ ਦਾ ਆਖਰੀ ਢਾਸਣਾ ਵੀ ਢਹਿ ਗਿਆ। ਛੋਟੇ ਜਿਹੇ ਪਰ ਥੁੜਾਂ ਤੇ ਪੀੜਾਂ ਨਾਲ ਭਰੇ ਟਬਰ ਦਾ ਜ਼ਿੰਦਗੀ ਭਰ ਦਾ ਚਾਨਣ ਅਲੋਪ ਹੋ ਗਿਆ। ਚੌਹੀਂ ਪਾਸੀਂ ਹਨ੍ਹੇਰਾ ਹੀ ਹਨ੍ਹੇਰਾ ਸੀ। ਭਿਆਨਕ ਸ਼ਨਾਟਾ ਸੀ। ਮੁਸ਼ਕਲਾਂ ਦੇ ਪਹਾੜਾਂ ਹੇਠ ਦਬੇ, ਮਾਂ, ਪੁੱਤ, ਧੀ, ਮਰ ਮੁੱਕ ਗਏ ਇਕੋ ਇਕ ਆਸਰੇ ਬਿਨਾਂ, ਹੌਕੇ ਭਰਦੇ ਨਿਰਬਲ ਹੋ ਕੇ, ਉਹ ਮੁੜ ਮੁਸ਼ੱਕਤਾਂ ਨਾਲ ਘੁਲਣ ਲੱਗੇ।

ਬੀਰੋ ਖੇਤੋ ਖੇਤ, ਬੰਨਾਂ ਬੰਨਾਂ ਘੁੰਮਦੀ..... ਦੋ ਗੁੱਲੀਆਂ ਖਾਤਰ ਉਸ਼ਨੇ ਆਪਣੀ ਭਰ ਜਵਾਨ ਉਮਰ ਦੋ ਵਰ੍ਹਿਆਂ ਵਿੱਚ ਹੀ ਲੀਰੋਲੀਰ ਕਰ ਲਈ। ਸਾਲ ਪਹਿਲਾਂ ਮਿਲਿਆ ਬੰਦਾ ਉਹਨੂੰ ਹੁਣ ਪਛਾਣ ਨਾ ਸਕਦਾ। ਹੁਣ ਰਾਣੀ ਵੀ ਖੇਤ ਬੰਨੇ ਉਸਦੇ ਨਾਲ ਜਾਣ ਲੱਗ ਪਈ ਸੀ। ਤੇ ਰਾਜਾ ਪੜ੍ਹਾਈ ਵਿੱਚੇ ਛੱਡ ਕੇ, ਸਰਪੰਚਾਂ ਨਾਲ ਸੀਰੀ ਰਲ ਗਿਆ। ਹੱਡਭੰਨਵੀਂ, ਲੱਕ-ਤੋੜਵੀਂ, ਬੇਅਰਾਮੀ ਭਰੀ ਮੇਹਨਤ ਕਰਨ ਦੇ ਬਾਵਜੂਦ ਵੀ ਰਾਜੇ ਦੇ ਘਰ ਉਹੀ ਦੋ ਗੁੱਲੀਆਂ ਪਕਦੀਆਂ, ਜਿਵੇਂ ਉਸਦੇ ਬਾਪੂ ਦੇ ਸਮਿਆਂ 'ਚ ਪੱਕਿਆ ਕਰਦੀਆਂ ਸਨ।

ਰਾਜਾ ਚਾਹੁੰਦਾ ਕਿ ਲਗਰ ਵਾਂਗ ਵਧਦੀ ਰਾਣੀ ਮਾਂ ਨਾਲੇ ਖੇਤਾਂ ਵੱਲ ਪੱਠਾ ਦੱਥਾ ਲੈਣ ਨਾ ਜਾਇਆ ਕਰੇ। ਪਰ ਮਾ ਦੀ ਨਿੱਘਰ ਚੁੱਕੀ ਹਾਲਤ ਤੇ ਉਸਨੂੰ ਤਰਸ ਆ ਜਾਂਦਾ। ਉਹ ਚਾਹੁੰਦਿਆਂ ਹੋਇਆਂ ਵੀ ਰਾਣੀ ਨੂੰ ਮਾਂ ਨਾਲੋਂ ਜਾਣੋਂ ਰੋਕ ਨਾ ਸਕਦਾ। ਉਹ ਸੋਚਦਾ ਉਸਦੇ ਕਹੇ ਅੱਜ ਤਾਂ ਰਾਣੀ ਬਾਹਰ ਖੇਤਾਂ 'ਚ ਘਾਹ-ਬਾਲਣ ਲੈਣ ਨਾ ਜਾਏਗੀ...ਫੇਰ ਰਾਣੀ ਦਾ ਵਿਆਹ ਹੋਵੇਗਾ—ਵਿਆਹ ਤੋਂ ਬਾਦ ਉਹ ਆਪਣੇ ਪਤੀ ਦੇ ਘਰ,

ਘਰ ਦਾ ਡਿੱਗਦਾ ਢਹਿੰਦਾ ਤੋਰਾ ਤੋਰਨ ਲਈ ਕੀ ਨਹੀਂ ਕਰੇਗੀ ! ਮਾਂ ਵਾਂਗ ਹੀ ਉਹ ਕੰਮਾਂ ਧੰਦਿਆਂ, ਨਿੱਤ ਦੇ ਝੋਖਿਆਂ ਵਿੱਚ ਪਈ, ਆਪਣਾ ਆਪ ਗੁਆ ਲਵੇਗੀ। ਇਸ ਲੀਹ ਨੂੰ ਕੌਣ ਰੋਕ ਸਕਦੈ। ਇਹ ਜ਼ਿੰਦਗੀ ਤਾਂ ਮੱਕੜੀ ਦਾ ਜਾਲ ਐ ਰਾਜਿਆ ! ਜਿਸ ਤੋਂ ਛੁਟਕਾਰਾ ਪਾਉਣ ਦਾ ਇੱਕੋ ਇੱਕ ਰਾਹ ਮੌਤ ਹੈ......ਜਿਉਂਦੇ ਜੀਆਂ ਤਾਂ ਇਸ ਵਿੱਚ ਲਟਕਦਿਆਂ ਤੜਫੀ ਜਾਣਾ ਹੈ।...ਇਸ ਜਾਲ 'ਚੋਂ ਸਾਨੂੰ ਕੱਢਣ ਵਾਲਾਂ ਵੀ ਕੋਈ ਨੀ ਦੀਂਹਦਾ। ਵੋਟਾਂ ਵਟੋਰਨ ਵਾਲੇ ਤਾਂ ਲਾਲ, ਪੀਲੇ, ਚਿੱਟੇ ਸਭ ਆਪਣੀ ਮਾਂ ਦੇ......। 'ਅਜੇ ਤਾਂ ਸਾਡੀ ਬਾਂਹ ਫੜਨ ਵਾਲਾ ਜੰਮਿਆਂ ਨੀ।'

ਇੰਜ ਸੋਚਦਿਆਂ ਡੰਗ ਟਪਾਈ 'ਚ ਕਈ ਵਰ੍ਹੇ ਹੋਰ ਲੰਘ ਗਏ। ਰਾਣੀ ਜਵਾਨ ਹੋ ਗਈ। ਮਾਂ ਨੇ ਫਿਕਰ ਕਰਕੇ ਉਸ ਲਈ ਮੁੰਡਾ ਲੱਭ ਲਿਆ। ਤੇ ਜਿਵੇਂ ਵੀ ਹੋਇਆ ਉਸਨੂੰ ਹੱਥ ਪੀਲੇ ਕਰਕੇ, ਸੌਹਰੀਂ ਤੋਰ ਦਿੱਤਾ। ਉਸਤੋਂ ਬਾਦ ਰਾਜਾ ਵੀ ਵਿਆਹਿਆ ਗਿਆ ਉਸਦੇ ਘਰ ਪਹਿਲਾਂ ਦੋ ਕੁੜੀਆਂ ਤੇ ਫੇਰ ਇੱਕ ਮੁੰਡਾ ਹੋਇਆ। ਜਿਸਤੋਂ ਮਗਰੋਂ ਰਾਜੇ ਨੇ ਸ਼ਹਿਰ ਜਾ ਕੇ ਆਪਣੇ ਘਰ ਵਾਲੀ ਦਾ ਉਪਰੇਸ਼ਨ ਕਰਵਾ ਦਿੱਤਾ।

ਮੁੱਢ ਬਚਪਨ ਤੋਂ ਮਿਲੀਆਂ, ਜਵਾਨੀ ਨਾਲ ਹੀ ਜਵਾਨ ਹੋਈਆਂ, ਵੱਡੀ ਉਮਰ ਨਾਲ ਵੱਡੀਆਂ ਹੋਈਆਂ, 'ਤੇ ਵਿਆਹ ਨਾਲ ਦਾਜ 'ਚ ਆਈਆਂ ਜ਼ਿੰਦਗੀ ਦੀਆਂ ਦੁੱਖ, ਤਕਲੀਫਾਂ ਝੱਲਦੀ ਆਪਣੇ ਨਿਗੂਣੇ ਜਿਸਮ ਨੂੰ ਥਾਂ ਥਾਂ ਰੋਲਦੀ, ਰਾਜੇ ਦੀ ਮਾਂ ਉਮਰ ਤੋਂ ਪਹਿਲਾਂ ਹੀ ਬੁੱਢੀ ਹੋ ਗਈ। ਹੁਣ ਉਹ ਆਪਣੀ ਨੂੰਹ ਨਾਲ, ਘਰ ਦੀ ਚਾਰ ਦੀਵਾਰੀ ਅੰਦਰ ਰਹਿ ਕੇ ਕੋਈ ਨਿੱਕਾ ਮੋਟਾ ਕੰਮ ਹੀ ਕਰਵਾ ਸਕਦੀ ਸੀ ਤੇ ਜਾਂ ਫਿਰ ਉਹ ਆਪਣੇ ਪੋਤੇ ਪੋਤੀਆਂ ਨੂੰ ਸਾਂਭ ਦੀ। ਘਰ ਦਾ ਗੁਜ਼ਾਰਾ ਤਾਂ ਹਮੇਸ਼ਾਂ ਵਾਂਗ ਲੰਗੜਾ ਕੇ ਤੇ ਟੁੱਟ ਫੁੱਟ ਕੇ ਚਲਦਾ ਸੀ। ਪਰ ਰਾਜਾ ਆਪਣੇ ਘਰ ਵਾਲੀ ਨੂੰ ਕਦੀ ਵੀ ਘਰੋਂ ਬਾਹਰ ਪੈਰ ਨਹੀਂ ਸੀ ਧਰਨ ਦਿੰਦਾ। ਜਦੋਂ ਵੀ ਬਾਹਰਲੇ ਕੰਮ ਤੋਂ ਵਿਹਲ ਮਿਲਦੀ ਉਹ ਬਾਲਣ ਲਿਆਉਂਦਾ। ਕੱਖ-ਪੱਠਾ ਲਿਆਉਂਦਾ ਤੇ ਹੋਰ ਘਰੋਂ ਬਾਹਰਲੇ ਸਾਰੇ ਕੰਮ ਆਪ ਹੀ ਨਿਪਟਾਉਂਦਾ। ਉਹ ਜ਼ਰੂਰੀ ਕੰਮਾਂ ਲਈ ਵੀ ਘਰ ਵਾਲੀ ਨੂੰ ਮਸਾਂ ਬਾਹਰ ਜਾਣ ਦਿੰਦਾ। ਉਹ ਸੋਚਦਾ, ਜੇ ਉਸਦੀ ਮਾਂ ਜਾਨ ਹੂਲ ਕੇ ਵੀ ਉਸਦੇ ਪਿਉ ਨੂੰ ਬਚਾ ਨਹੀਂ ਸਕੀ ਤੇ ਉਸਦੀ ਵਹੁਟੀ ਦੇ ਕੰਮ ਕਿਸੇ ਹੋਣੀ ਨੂੰ ਕਿਵੇਂ ਰੋਕ ਦੇਣਗੇ !

ਬੱਚੇ ਤਕੜੇ ਹੋ ਗਏ। ਵੱਡਾ ਮੁੰਡਾ ਅਤੇ ਕੁੜੀ ਸਕੂਲ ਜਾਣ ਲੱਗ ਪਏ। ਆਮਦਨ 'ਚ ਕੋਈ ਫਰਕ ਨਾ ਪਿਆਂ ਨਾ ਪੈਣਾ ਹੀ ਸੀ। ਹਾਂ, ਦਿਨੋ ਦਿਨ ਵਧ ਰਹੀ ਮਹਿੰਗਾਈ ਨੇ ਉਹਨਾਂ ਦੀ ਭੂਤਨੀ ਭੁਲਾ ਰੱਖੀ ਸੀ।

ਸਿਰੜੀ ਰਾਜਾ, ਜਾਨ ਮਾਰਕੇ ਕੰਮ ਕਰਦਾ। ਸਰਪੰਚਾਂ ਦੇ ਘਰ ਤਾਂ ਉਸਨੂੰ ਪੈਰ ਮਲਣ ਦੀ ਵਿਹਲ ਨਹੀਂ ਸੀ। ਸੱਤਰ ਅੱਸੀ ਕਿੱਲਿਆਂ ਦੀ ਬੀਜ ਬਿਜਾਈ ਕਢਾਈ-ਵਢਾਈ, ਢੋਅ ਢੁਆਈ ਦਾ ਕੰਮ ਸਾਹ ਨਹੀਂ ਸੀ ਲੈਣ ਦਿੰਦਾ। ਆਥਣ ਸਵੇਰੇ, ਪੱਠਾ ਨੀਂਮ ਪਾਉਣ ਦਾ, ਪਾਣੀ ਧਾਣੀ ਪਿਆਉਣ ਦਾ, ਖੋਲ੍ਹਣ ਬੰਨ੍ਹਣ ਦਾ ਕੰਮ ਉਸਨੂੰ ਕਰਨਾ ਪੈਂਦਾ। ਘਰ ਦੇ ਹੋਰ ਕਈ ਕੰਮ ਵੀ ਉਸਨੂੰ ਕਰਨੇ ਪੈਂਦੇ। ਆਪ ਭਿਆਉਣਾ, ਦੁੱਧ ਚੋਣਾ, ਟਰੈਕਟਰ ਚਲਾਉਣਾ, ਨੀਮ ਛਾਣਨਾ ਵਰਗੇ ਕੰਮ ਉਸਨੂੰ ਇਕ ਲੱਤ ਤੇ ਖੜ੍ਹਾ ਰਖਦੇ। ਜਿਸ ਦੇ ਬਦਲੇ ਉਹ ਪੰਜ ਚਾਰ ਰੋਟੀਆਂ, ਆਚਾਰ ਗੰਢੇ ਤੇ ਕਦੀ ਦਾਲ ਸਬਜ਼ੀ ਨਾਲ, ਪੱਗ ਦੇ ਲੜ ਬੰਨ੍ਹੀ ਘਰ ਪਰਤਦਾ। ਤੇ ਘਰੇ ਪਕਦੇ ਰੁੱਖੇ ਮਿਸੇ 'ਚ ਰਲਾ ਉਹ ਖਾ ਲੈਂਦੇ। ਤੇ ਜਦੋਂ ਸੀਰ ਦਾ ਹਿਸਾਬ ਕਿਤਾਬ ਹੁੰਦਾ ਕਦੀ ਉਹਦੇ ਸਿਰ ਪੰਜ ਸੌ ਟੁੱਟਦਾ ਤੇ ਕਦੀ ਹਜ਼ਾਰ। ਦੂਜੇ ਪਾਸੇ ਚਿਰਾਂ ਦੀਆਂ ਬੁਣੀਆਂ, ਘਰ ਪਈਆਂ ਥਾਂ ਥਾਂ ਤੋਂ ਟੁੱਟੀਆਂ ਗੰਢੀਆਂ ਮੰਜੀਆਂ ਤੇ ਛੀਏ ਜੀ ਘੁਸੜ ਕੇ ਸੌਂ ਰਹਿੰਦੇ। ਕਾਫੀ ਨੇਰੇ ਰਾਜਾ ਉੱਠਦਾ, ਆਪਣੀ ਬਾਟੀ ਸੰਭਾਲਦਾ ਤੇ ਗੌਤਮ ਵਾਂਗ ਘਰ ਦੇ ਸਾਰੇ ਜੀਆਂ ਨੂੰ ਸੁੱਤਿਆਂ ਛੱਡ ਕੰਮ ਤੇ ਚਲਾ ਜਾਂਦਾ। ਅੰਨ੍ਹ ਦੀ ਤਲਾਸ਼ 'ਚ।

ਏਸ ਵਾਰੀ ਸਰਦੀ ਫੇਰ ਲੋਹੜਿਆਂ ਦੀ ਪਈ। ਮੁਸ਼ੱਕਤਾਂ ਦੇ ਚੱਕਰ ਵਿਚ ਵਹਿੰਦਿਆਂ, ਰਾਜਾ ਵੀ ਇਕ ਦਿਨ ਆਪਣੇ ਪਿਓ ਵਾਂਗ, ਠੰਢ ਜਿਹੀ ਮਸੂਸ ਕਰਦਾ ਮੰਜੇ ਤੇ ਪੈ ਗਿਆ। ਯੱਖ ਠੰਢ ਵਿਚ ਉਸਦਾ ਸਰੀਰ ਭੱਠ ਵਾਂਗ ਤਪਦਾ। ਫਿਰ ਉਹੀ ਨਮੂਨੀਆ—ਤੇ ਉਹੀ ਟਾਈਫਾਈਡ...ਫੇਰ ਉਹੀ ਖਰਚੇ ਤੇ ਉਹੀ ਘਰ ਦਾ ਗੁਜ਼ਾਰਾ...ਬੀਰੋ ਨੇ ਡਰਾਉਣੇ ਸੁਫ਼ਨੇ ਵੇਖੇ, ਉਸ ਨੂੰ ਉਹ ਸਭ ਹਾਲਾਤ ਯਾਦ ਆਏ ਜੋ ਉਸ ਨੇ ਆਪਣੇ ਪਤੀ ਦੀ ਬਿਮਾਰੀ ਵੇਲੇ ਵੇਖੇ ਸਨ—ਉਸਨੇ ਮਸਾਂ ਪਾਲੀ ਝੋਟੀ ਸੱਸਤੇ ਭਾਅ ਸੁੱਟ ਦਿੱਤੀ। ਘਰ ਦੇ ਭਾਂਡੇ ਵੇਚ ਦਿੱਤੇ। ਬਹੂ ਦਾ ਦਾਜ 'ਚ ਲਿਆਂਦਾ ਇਕੋ ਇੱਕ ਟਰੰਕ ਵੀ ਗਹਿਣੇ ਧਰ ਦਿੱਤਾ। ਇਸ ਤੋਂ ਸਿਵਾ, ਘਰ ਵਿਚ ਹੋਰ ਕੁਝ ਵੀ ਨਹੀਂ ਸੀ ਜਿਸਨੂੰ ਵੇਚ ਕੇ ਉਹ ਆਪਣੇ ਪੁੱਤ ਦੀਆਂ ਦਵਾਈਆਂ ਦਾ ਪ੍ਰਬੰਧ ਕਰ ਸਕਦੀ।

ਪੈਸੇ ਮੁੱਕ ਗਏ—ਕਿਸੇ ਧਾਸਿਉਂ ਆਉਣ ਦੀ ਝਾਕ ਵੀ ਨਾ ਰਹੀ। ਪਿੰਡ ਦਾ ਡਾਕਟਰ ਆਉਣੋਂ' ਹਟ ਹਟ ਗਿਆ। ਦਵਾਈਆਂ ਆਉਣੋਂ ਬੰਦ ਹੋ ਗਈਆਂ। ਰੋਟੀ ਪੱਕਣੀ ਵੀ ਬੰਦ ਹੋਣ ਲਗੀ ਪਰ ਰਾਜਾ ਹੋਰ ਵੀ ਗੰਭੀਰ ਹੁੰਦਾ ਗਿਆ। ਉਸਦੀ ਬੀਮਾਰੀ ਜ਼ੋਰ ਫੜਦੀ ਗਈ। ਬੀਰੋ ਨੂੰ ਸਭ ਕੁਝ ਭਿਆਨਕ ਦਿਖਾਈ

ਦੇਣ ਲੱਗਾ। ਉਹ ਖੂੰਜਿਆਂ ਨਾਲ ਲੱਗ ਲੱਗ ਰੋਂਦੀ ਬੱਸ ਨਾ ਕਰਦੀ। ਉਸ ਨੂੰ ਨਾ ਆਪਣੇ ਪੇਕਿਆਂ ਤੋਂ ਆਸ ਸੀ ਤੇ ਨਾ ਵਿਚਾਰੀ ਬਹੂ ਦੇ ਪੇਕਿਆਂ ਤੋਂ। ਉਹਨਾਂ ਲਈ ਜ਼ਿੰਦਗੀ ਦੀਆਂ ਚਾਰੇ ਕੰਨੀਆਂ ਸਮੇਟੀਆਂ ਗਈਆਂ। ਨਿਆਣੇ ਬੁਰਕੀ ਬੁਰਕੀ ਨੂੰ ਤੁਸਕਣ ਲਗੇ।

ਅੱਜ ਕਈਆਂ ਦਿਨਾਂ ਪਿਛੋਂ ਨਿਕਲੀ ਧੁੱਪ ਕਰਕੇ ਰਾਜੇ ਦਾ ਮੰਜਾ ਬਾਹਰ ਵੇਹੜੇ ਵਿਚ ਬਾਰ ਨੂੰ ਸਾਹਮਣੇ ਡਾਹ ਦਿੱਤਾ ਗਿਆ ਸੀ। ਨੰਗੇ ਮੂੰਹ ਤੋਂ ਹੀ ਪਤਾ ਲਗਦਾ ਸੀ ਕੋਈ ਬੰਦਾ ਪਿਆ ਹੈ। ਵੱਡੀ ਕੁੜੀ ਤੇ ਮੁੰਡਾ, ਬਾਹਰੋਂ ਰੋੜਾਂ ਵਿਚੋਂ ਸੁੱਕੇ ਗੋਹੇ ਚੁਕਣ ਗਏ ਹੋਏ ਸਨ। ਛੋਟੀ ਬਿੰਦੂ ਰਾਜੇ ਦੇ ਸਰ੍ਹਾਣੇ ਖੜ੍ਹੀ ਭੁੱਖੀ ਬਿਲਕੀ ਜਾ ਰਹੀ ਸੀ। ਤੇ ਰਾਜਾ ਸੁੱਕ ਕੇ ਚਪੇੜ ਹੋ ਗਏ ਹੱਥ ਨਾਲ ਆਪਣੀ ਧੀ ਨੂੰ ਵਰਾਉਣ ਦਾ ਯਤਨ ਕਰ ਰਿਹਾ ਸੀ। ਪਰ ਉਸਦੀਆਂ ਆਪਣੀਆਂ ਅੱਖਾਂ 'ਚੋਂ ਧਰਾਲਾਂ ਵਹਿ ਰਹੀਆਂ ਸਨ।

'ਕੁੜੇ 'ਨਸੀਬ ਕੌਰੇ ?' ਰਾਜੇ ਦੀ ਮਾਂ ਦੀ ਕੰਬਦੀ ਹੋਈ ਅਵਾਜ਼ ਆਈ।

'ਹਾਂ ਮਾਂ।'

ਚਾਦਰ ਲੈ 'ਤੇ ਚੱਲ ਮੇਰੇ ਨਾਲ ਬਾਹਰ ਨੂੰ।'

'ਪਰ ਮਾਂ ਮੈਂ ਅੱਜ ਤੱਕ ਕਦੋਂ ਬਾਹਰ ਗਈ ਹਾਂ !' ਆਖਦਿਆਂ ਨਸੀਬ ਕੌਰ ਆਪਣੇ ਪਤੀ ਦੇ ਝੜ ਗਏ ਚਿਹਰੇ ਵੱਲ ਵੇਖਣ ਲੱਗੀ ਜੋ ਅੱਖਾਂ 'ਚੋਂ ਨਿਕਲਦੇ ਪਾਣੀ ਨਾਲ ਭਿਜਿਆ ਪਿਆ ਸੀ। ਉਸ ਦੇ ਅੰਦਰੋਂ ਕੋਈ ਉਬਾਲ ਜਿਹਾ ਉਠਿਆ। ਉਸ ਨੇ ਹਿਚਕੀ ਭਰੀ ਤਾਂ ਅੰਤਾਂ ਦੀ ਪੀੜ ਹੰਝੂ ਬਣ ਕੇ ਵਹਿ ਤੁਰੀ।

'ਚਲ ਧੀਏ, ਚਲ ਮੇਰੇ ਨਾਲ, ਕੋਈ ਹੱਥ ਪੱਲਾ ਮਾਰੀਏ, ਕਿਤੇ ਇਹਨੂੰ ਵੀ ਨਾ ਗੁਆ ਲਈਏ ਹੱਥੋਂ... ਚੱਲ ਤੁਰ ਮੇਰੀ ਰਾਣੀ ਧੀ !!!' ਆਖਦਿਆਂ ਬੀਰੋ ਦੀਆਂ ਡੂੰਘੀਆਂ ਧਸ ਗਈਆਂ ਅੱਖਾਂ 'ਚੋਂ ਪਰਲ ਪਰਲ ਪਾਣੀ ਵਹਿ ਤੁਰਿਆ।

ਨਸੀਬੋ ਨੇ ਪੁਰਾਣੀ ਚਾਦਰ ਲਈ, 'ਮੈਂ ਜਾਨੀ ਆਂ ਤੂੰ ਘਬਰਾਈਂ ਨਾ, ਜਿੰਨਾ ਵਾਹ ਲੱਗਿਆ ਲਾਊਂਗੀ ਤੇਰੇ ਵਾਸਤੇ', ਥਿੜਕਦੇ ਤੇ ਪੀੜਾਂ ਨਾਲ ਪਰੁੰਨੇ ਬੋਲ ਆਖਦਿਆਂ, ਨਸੀਬੋ ਆਪਣੀ ਸੱਸ ਦੇ ਮਗਰ ਹੋ ਤੁਰੀ।

ਨੱਕੋ ਨੱਕ ਭਰੀਆਂ ਧੁੰਦਲੀਆਂ ਅੱਖਾਂ ਨਾਲ, ਰਾਜਾ ਆਪਣੀ ਤੁਰੀ ਜਾਂਦੀ ਮਾਂ ਅਤੇ ਘਰਵਾਲੀ ਨਸੀਬ ਕੁਰ ਨੂੰ ਗਲੀ ਦੇ ਮੋੜ ਤੱਕ ਦੇਖਦਾ ਰਿਹਾ ਤੇ ਸੋਚਦਾ ਰਿਹਾ ਕਿ ਉਹ ਆਖਰ ਕਿੱਥੇ ਜਾਣਗੀਆਂ ?

ਅੱਜ ਪਹਿਲੀ ਵਾਰ ਉਹ ਜਾਣ ਸਕਿਆ ਸੀ ਕਿ ਉਸਦੀ ਮਾਂ ਮਿੰਬਰਾਂ ਦੇ ਟਿਊਵੈਲ ਤੇ ਕਿਉਂ ਜਾਇਆ ਕਰਦੀ ਸੀ ! o

---

ਕਹਾਣੀ

## ਪੂਰਾ ਖ਼ਿਆਲ

o ਮਹਿੰਦਰ ਸਿੰਘ ਪੰਜੂ

ਭਾਵੇਂ ਸਤੰਬਰ ਚੜ੍ਹ ਚੁੱਕਾ ਸੀ ਪਰ ਗਰਮੀ ਅਜੇ ਜਿਉਂ ਦੀ ਤਿਉਂ ਸੀ। ਬਾਰਸ਼ ਨੇ ਵੀ ਕਿਸਾਨਾਂ ਨਾਲ ਧੋਖਾ ਕੀਤਾ ਸੀ, ਸ਼ਾਇਦ ਉਹ ਵੀ ਹੋਰ ਧੋਖਾਕਾਰੀਆਂ ਤੋਂ ਪਿੱਛੇ ਨਹੀਂ ਸੀ ਰਹਿਣਾ ਚਾਹੁੰਦੀ। ਚੋਲ ਸਵੇਰੇ-ਸ਼ਾਮ ਟਹਿਕਦੇ ਸਨ। ਮੀਹਾਂ ਪੈਂਦਿਆਂ 'ਚ ਬਿਜਲੀ ਚੌਵੀ ਘੰਟੇ ਰਹਿੰਦੀ ਸੀ, ਪਰ ਔੜ 'ਚ ਕੱਟ ਲੱਗ ਗਈ। ਦਸ ਘੰਟੇ ਹੀ ਮਿਲਣ ਦਾ ਐਲਾਨ ਹੋਇਆ। ਕੱਸੀ ਦੇ ਪਾਣੀ ਦੇ ਲੜਾਈ-ਝਗੜਿਆਂ ਤੋਂ ਖਹਿੜਾ ਛੁਡਾਉਣ ਲਈ ਮੋਟਰਾਂ ਲਾਈਆਂ ਸਨ। ਮੋਟਰਾਂ ਦੇ ਲਾਲਚ ਨਾਲ ਵਧੇਰੇ ਝੋਨਾ ਬੀਜਿਆ ਗਿਆਂ ਸੀ ਪਰ ਹੁਣੇ ਅੱਗੇ ਨਾਲੋਂ ਵੀ ਔਕੜਾਂ ਵਧ ਗਈਆਂ।

"ਓਏ ਚਲ ਬਥੇਰੀ ਐ...। ਐਨੀ ਬੀ ਔਂਦੀ ਰਹੇ...।" ਸਾਰੇ ਕਿਸਾਨ ਚਿੰਤਾ 'ਚ ਡੁੱਬੇ, ਥੋੜੇ ਨਾਲ ਹੀ, ਸਾਰ ਲੈਣ ਲਈ ਮਜਬੂਰ ਹੋ ਗਏ।

ਹਫ਼ਤੇ ਕੁ ਮਗਰੋਂ ਸਪਲਾਈ ਅੱਠ ਘੰਟੇ ਹੀ ਰਹਿ ਗਈ। ਪਿਆਸੇ ਦੇ ਮੂੰਹ ਨੂੰ, ਪਾਣੀ ਲਾਉਣ ਤੋਂ ਪਹਿਲਾਂ ਹੀ ਪਾਣੀ ਦੀ ਘੁੱਟ ਪਿੱਛੇ ਹਟਾਈ ਜਾ ਰਹੀ ਸੀ। ਤੋੜੇ 'ਚ, ਹਰੇਕ ਲੋੜੀਂਦੀ ਚੀਜ਼ ਅਲੋਪ ਹੋ ਜਾਂਦੀ ਹੈ' ਦੇ ਨਿਯਮ ਅਨੁਸਾਰ ਬਿਜਲੀ ਵੀ ਤਰਸਾ ਰਹੀ ਸੀ। ਐਲਾਨ ਭਾਵੇਂ ਕੁਝ ਵੀ ਸੀ ਪਰ ਉਨ੍ਹਾਂ ਦੀ ਲਾਈਨ ਤੇ ਬਹੁਤੀ ਵਾਰੀ ਮਸਾਂ ਚਾਰ ਘੰਟੇ ਹੀ ਬਿਜਲੀ ਦਿੱਤੀ ਜਾਂਦੀ। ਧੁੱਪੇ ਤੁਰੇ ਜਾ ਰਹੇ ਨਿਆਣੇ ਦੇ ਬੁੱਲ੍ਹ ਸਿੱਟਣ ਵਾਂਗ, ਝੋਨਾ ਕੁਮਲਾ ਰਿਹਾ ਸੀ। ਕਿਸਾਨਾਂ ਨੂੰ ਉਨ੍ਹਾਂ ਦੇ ਮੂੰਹੋਂ ਬੁਰਕੀ ਖੋਹੀਂਦੀ ਜਾਪੀ। ਕਿਹੜੀਆਂ ਮੁਸੀਬਤਾਂ ਨਾਲ ਕਿਸੇ ਨੇ ਚੋਲ ਪਾਲਕੇ, ਕਿਸੇ ਦਾ ਦੇਣ-ਲੈਣ ਤਾਰਨਾ ਸੀ, ਕਿਸੇ ਨੇ ਕੋਠੇ ਜਿੱਡੀ ਧੀ ਨੂੰ ਬਾਰੋਂ ਉਠਾਉਣਾ ਸੀ।

ਉਸ ਪਿੰਡ ਦੇ ਕੁਝ ਕਿਸਾਨ, ਇਕੱਠੇ ਹੋ ਕੇ, ਸਬੰਧਤ ਐਸ. ਡੀ.ਓ. ਕੋਲ ਗਏ। ਉਨ੍ਹਾਂ ਦੀ ਅਗਵਾਈ ਇੱਕ ਰੀਟਾਇਰਡ ਫੌਜੀ ਕਰ ਰਿਹਾ ਸੀ, ਜਿਸਨੇ ਨਵੀਂ ਵਾਹੀ ਵਿੱਢੀ ਸੀ।

"ਤੁਸੀਂ ਕਿਸਨੂੰ ਮਿਲਣੈ...?" ਦਫ਼ਤਰ ਮੂਹਰੇ ਸਟੂਲ ਤੇ ਬੈਠੇ ਚਪੜਾਸੀ ਨੇ ਪੁੱਛਿਆ, ਜਦੋਂ ਉਹ ਵਰਾਂਡੇ 'ਚ ਗਏ।

"ਐਸ. ਡੀ. ਓ. ਸਾਅਬ ਨੂੰ...ਮਿਲਣੈ...।"

ਉਹ ਸੁਣਕੇ ਅੰਦਰ ਚਲਾ ਗਿਆ। ਮਿੰਟ ਕੁ ਮਗਰੋਂ, ਬਾਹਰ ਆਇਆ।

'ਤੁਸੀਂ ਔਸ ਬੈਂਚ ਤੇ ਬੈਠੋ...।' ਬੈਂਚ ਵਲ ਇਸ਼ਾਰਾ ਕਰਦਿਆਂ ਉਸ ਨੇ ਕਿਹਾ। 'ਅਜੇ ਮੀਟਿੰਗ ਚਲਦੀ ਹੈ...।'

'ਸਾਰਿਆਂ ਤੋਂ ਤਾਂ ਆਪਾਂ ਤੋਂ ਬੈਠਿਆ ਨੀਂ ਜਾਣਾ...। ਚਲੋ ਦਰਖਤਾਂ ਥੱਲੇ ਬੈਠ ਜਾਨੇ ਆਂ..। ਨਾਲੇ ਹਵਾ ਲੱਗੂ...।' ਫੌਜੀ ਨੇ ਸਲਾਹ ਦਿੱਤੀ।

"ਮੈਂ ਤੁਹਾਨੂੰ ਬੁਲਾ ਲਾਂਗਾ...।' ਚਪੜਾਸੀ ਨੇ ਯਕੀਨ ਨਾਲ ਕਿਹਾ।

ਬਾਹਰ ਕਾਫ਼ੀ ਗਰਮੀ ਪੈ ਰਹੀ ਸੀ। ਦਰਖਤਾਂ ਦੇ ਪੱਤੇ ਕਿਤੇ 2 ਝੂਲਦੇ...। ਉਹ ਸਮੋਸੇ ਦੀਆਂ ਪੱਖੀਆਂ ਬਣਾਕੇ ਹਵਾ ਝੱਲਣ ਲੱਗੇ। ਐਸ. ਡੀ. ਓ. ਦੇ ਕਮਰੇ 'ਚੋਂ ਕੂਲਰ ਦੇ ਸ਼ੂਕਣ ਦੀ ਆਵਾਜ਼ ਆ ਰਹੀ ਸੀ। ਕਿਸਾਨਾ 'ਚੋਂ ਇੱਕ-ਦੋ ਉਠਕੇ, ਨਲਕੇ ਤੋਂ ਪਾਣੀ ਪੀ ਕੇ, ਹੱਥ ਮੂੰਹ ਧੋ ਆਏ।

'ਏਥੇ ਬਘੇਲਿਆ, ਸਾਰੇ ਕਮਰਿਆਂ 'ਚ ਪੱਖੇ ਬੌਹਤ ਤੇਜ ਘੁਕਦੇ ਨੇ...। ਆਪਣੇ ਪਿੰਡਾਂ 'ਚ ਤਾਂ ਕਿਸੇ ਦੇ ਐਦੂੰ ਅਦੇ ਬੀ ਨੀ ਘੁਕਦੇ ਹੋਣੇ...।' ਸੀਤੇ ਨੇ ਕਿਹਾ।

"ਏਹ ਆਪ ਮਾਲਕ ਨੇ ਬਈ...।" ਫੌਜੀ ਦਾ ਉੱਤਰ ਸੀ।

ਐਨੇ ਚਿਰ ਨੂੰ ਇੱਕ ਮੁੰਡਾ ਟਰੇਅ 'ਚ ਚਾਹ-ਪਿਆਲੀਆਂ ਅਤੇ ਖਾਣ-ਪੀਣ ਦਾ ਹੋਰ ਸਾਮਾਨ ਲੈ ਕੇ ਐਸ. ਡੀ. ਓ. ਦੇ ਕਮਰੇ ਅੰਦਰ ਚਲਾ ਗਿਆ। ਚਪੜਾਸੀ ਨੇ ਪਰਦਾ ਚੁੱਕ ਕੇ ਉਸਦੀ ਲੰਘਣ ਵਿੱਚ ਮੱਦਦ ਕੀਤੀ। ਅਗਲੇ ਹੀ ਪਲ ਓਹ ਮੁੰਡਾ ਵਾਪਸ ਮੁੜ ਗਿਆ।

ਵੀਹ ਕੁ ਮਿੰਟਾਂ ਮਗਰੋਂ, ਦੋ ਲੀਡਰ-ਨੁਮਾ ਹਸਤੀਆਂ ਅੰਦਰੋਂ ਬਾਹਰ ਆਈਆਂ। ਬੋਰਡ ਦੀ ਜੀਪ ਉਹਨਾਂ ਨੂੰ ਇਤਨੀ ਗਰਮੀ ਵਿਚ ਬੱਸ ਅੱਡੇ ਤਕ ਛੱਡਣ ਗਈ।

ਐਸ. ਡੀ. ਓ. ਨੇ ਵਿਹਲੇ ਹੋ ਕੇ ਮੁਲਕਾਤੀਆਂ ਨੂੰ ਬੁਲਾਇਆ। ਉਹ ਮੁੜ੍ਹਕੋ-ਮੁੜ੍ਹਕੀ ਹੋਏ ਉਵੇਂ-ਜਿਵੇਂ ਅੰਦਰ ਜਾ ਵੜੇ। ਬਾਹਰੋਂ ਅੰਦਰ ਜਾ ਕੇ, ਪੱਖੇ ਦੀ ਹਵਾ ਨਾਲ ਇਕ ਵਾਰ ਤਾਂ ਸੁਰਤ ਜਿਹੀ ਆ ਗਈ।

"ਹਾਂ ਜੀ ਦੱਸੋ...।" ਐਸ. ਡੀ.ਓ. ਨੇ ਕਲਮਦਾਨ ਠੀਕ ਕਰਦੇ ਨੇ ਕਿਹਾ।

"ਸਾਅਬ ਬਹਾਦਰ ! ਅਰਜ਼ ਇਹ ਐ..।" ਫੌਜੀ ਨੇ ਅਟੈਨਸ਼ਨ ਖੜੇ ਹੋ ਕੇ ਦਸਣਾ ਸ਼ੁਰੂ ਕੀਤਾ, "ਸਾਡੇ ਝੋਨੇ ਸੁੱਕ ਰਹੇ ਨੇ...। ਬਿਜਲੀ ਦਾ ਐਲਾਨ ਤਾਂ ਪਹਿਲਾਂ ਦਸ ਘੰਟੇ ਦੇਣ ਦਾ ਸੀ, ਹੁਣ ਅੱਠ ਘੰਟੇ ਐ। ਮਿਲਦੀ ਸਾਨੂੰ ਸਾਰੀ ਈ ਚਾਰ ਘੰਟੇ ਐ। ਜੇ ਝੋਨਾ ਸੁੱਕ ਗਿਆ, ਅਸੀਂ ਤਾਂ ਮਾਰੇ ਜਾਵਾਂਗੇ। ਅੱਠ ਘੰਟੇ ਤਾਂ ਬਿਜਲੀ ਦੇਹੋ ਸਾਨੂੰ...।"

"ਲਾਈਨ 'ਚ ਨੁਕਸ ਹੋਣੇ ਕਦੇ ਕੋਈ ਜਾਂ ਟਰਾਂਸਫਾਰਮਰ ਕਿਤੇ ਫਾਲਟ ਪੈ ਜਾਂਦਾ ਹੈ...। ਬਿਜਲੀ ਤਾਂ ਅੱਠ ਘੰਟੇ ਹੀ ਦਿਤੀ ਜਾ ਰਹੀ ਹੈ...।"

"ਲਾਈਨ 'ਚ ਫਾਲਟ ਇਕ ਦਿਨ, ਦੋ ਦਿਨ ਹੋਵੇ, ਰੋਜ਼ ਤਾਂ ਨੀ ਪੈਣਾ ਚਾਹੀਦਾ ਜੀ। ਜੇ ਟਰਾਂਸਫਾਰਮਰ 'ਚ ਫਾਲਟ ਹੋਵੇ, ਫੇਰ ਤਾਂ ਓਨੀ ਬੀ ਨਾ ਆਵੇ...।"

"ਨਹੀਂ ਨਹੀਂ...। ਅੱਠ ਘੰਟੇ ਤਾਂ ਅਸੀਂ ਦੇ ਰਹੇ ਹਾਂ...। ਬਾਕੀ ਥੋਨੂੰ ਪਤਾ ਹੈ ਬਈ ਝੀਲ 'ਚ ਪਾਣੀ ਘਟ ਰਿਹੈ...। ਭਾਖੜਾ ਤੋਂ ਬਿਜਲੀ ਦੀ ਸਪਲਾਈ ਘਟ ਹੈ। ਥਰਮਲ ਦੇ ਸਾਰੇ ਦੇ ਸਾਰੇ ਯੂਨਿਟ ਠੀਕ ਨਹੀਂ ਚਲ ਰਹੇ। ਮੰਗ ਜ਼ਿਆਦਾ ਹੈ। ਪੈਦਾਵਾਰ ਓਨੀ ਹੈ ਨਹੀਂ...। ਗਰੁਪ ਮੁਤਾਬਿਕ ਅਸੀਂ ਸਹੀ ਬਿਜਲੀ ਦੇ ਰਹੇ ਹਾਂ।"

"ਸਾਰਾ ਦਾਰੋਮਦਾਰ ਖੇਤੀ ਤੇ ਈ ਐ ਜਨਾਬ...। ਝੋਨੇ ਤਾਂ ਪਕਾਉ ..।

"ਸਾਡਾ ਮਹਿਕਮਾ ਜ਼ਿਮੀਂਦਾਰ ਦਾ ਪੂਰਾ ਖਿਆਲ ਰੱਖ ਰਿਹੈ...।'

"ਆਹ ਵੱਡੀ ਲਾਈਨ ਤੇ ਲੋਕ ਕੰਡੀਆਂ ਸਿੱਟੀ ਰਖਦੇ ਨ ..। ਅਸੀਂ ਚੋਹਨੇ ਆਂ ਬਈ ਨਿਯਮ...।"

"ਕਿਹੜੇ ਪਿੰਡ ਦੀ ਗੱਲ ਐ ?" ਡਾਇਰੀ ਅਤੇ ਪੈਨ ਠੀਕ ਕਰ ਕੇ ਐਸ. ਡੀ. ਓ. ਨੇ ਪੁੱਛਿਆ।

"ਆਹੀ ਸ਼ਰੀਫਪੁਰੇ ਨੇੜੇ ਜੀ...।" ਫੌਜੀ ਨੇ ਹੱਥ ਦੇ ਇਸ਼ਾਰੇ ਨਾਲ ਦਸਿਆ।

"ਇਸ ਵਾਸਤੇ ਸਾਡਾ ਮਹਿਕਮਾ ਹੋਰ ਹੈ...। ਨਾਲੇ ਇਹ ਪਿੰਡ ਸਾਡੀ ਸਬ-ਡਵੀਜ਼ਨ 'ਚ ਨਹੀਂ ਪੈਂਦਾ...।'

"ਥੋਡੀ ਸਬ-ਡਵੀਜ਼ਨ ਦੇ ਕੇਸ ਵੀ ਹੈਗੇ ਨ ਜਨਾਬ...।"

"ਹਾਂ ਦੱਸੋ...।"

"ਐਸੇ ਪਿੰਡ 'ਚ ਰੌਣਕ ਦੇ ਕਾਰਖਾਨੇ ਦਾ ਕਨੈਕਸ਼ਨ ਕਿੱਦੇਂ ਦਾ ਕੱਟਿਐ ਗਿਐ; ਬਿੱਲ ਨਾ ਭਰਨ ਕਰਕੇ, ਚੱਲੀ ਓਹ ਸਾਰਾ ਦਿਨ ਜਾਂਦੈ।"

ਅਚਾਨਕ ਬਿਜਲੀ ਚਲੀ ਗਈ। "ਨਹੀਂ ਇਹ ਨਹੀਂ ਹੋ ਸਕਦਾ...।" ਕਹਿਕੇ ਐਸ. ਡੀ. ਓ. ਨੇ ਘੰਟੀ ਮਾਰੀ। ਪਰਦਾ ਚੁੱਕ ਕੇ ਚਪੜਾਸੀ ਆ ਹਾਜ਼ਰ ਹੋਇਆ।

"ਮਲਿਕ ਐਲ. ਐਸ. ਨੂੰ ਬੁਲਾ ਬਈ...।"

'ਅੱਛਾ ਜੀ...।'

ਦੋਕੁ ਮਿੰਟਾਂ ਮਗਰੋਂ ਮਲਿਕ ਸਾਅਬ ਆ ਗਏ ਤੇ ਪੁਛਿਆ, 'ਹਾਂ ਜੀ...ਬੁਲਾਇਆ ਸੀ...!'

'ਮਲਿਕ ਜੀ ! ਓਹ ਰੌਣਕ ਦੇ ਕਾਰਖਾਨੇ ਦਾ ਕੁਨੈਕਸ਼ਨ ਕੱਟਿਆਂ ਨਹੀਂ ਸੀ ਆਪਾਂ...?'

'ਹਾਂ ਜੀ, ਕੱਟਿਆ ਸੀ...। ਪਰ ਹੁਣ...।'

'ਫਿਰ ?'

'ਹੁਣ ਆਰਜ਼ੀ ਕੁਨੈਕਸ਼ਨ ਦਿੱਤਾ ਹੋਇਆ ਹੈ ਜੀ...।"

'ਫਾਰਮੈਲਿਟੀਜ਼ ਕੰਪਲੀਟ ਹੋ ਗਈਆਂ...?'

'ਅਜੇ ਕਰੌਣੀਆਂ ਨ ਜੀ...।'

'ਓ ਬਈ ਪਹਿਲਾਂ ਕਰੌਣੀਆਂ ਸੀ ਨਾ...।'

'ਬੇਲੀ ਸਾਅਬ ਦਾ ਫੁਰਮਾਨ ਸੀ ਜੀ...। ਹੁਣ ਲੈ ਆਉਣਾ ਜੀ...।'

'ਠਹਿਰ ਕੇ ਲਿਆਈਂ...ਅੱਛਾਂ...।' ਸੁਣ ਕੇ ਮਲਿਕ ਸਾਹਬ ਬਾਹਰ ਆ ਗਏ।

'ਉਸ ਕਾਰਖਾਨੇ ਨਾਲ ਝਗੜਾ ਚੱਲ ਰਿਹੈ ਜੀ...। ਆਰਜ਼ੀ ਕੁਨੈਕਸ਼ਨ ਅਸੀਂ ਦਿੱਤਾ ਹੋਇਆ ਹੈ...।'

'ਪਰ ਜੀ ਓਹ ਤਾਂ ਦਿਨ ਰਾਤ ਦਲਦਾ ਰੈਂਹਦਾ ਹੈ...। ਚੌਵੀ ਘੰਟੇ ਬਿਜਲੀ ਕਿਥੋਂ ਆ ਗਈ...?'

'ਨਹੀਂ 2...। 24 ਘੰਟੇ ਬਿਜਲੀ ਕਿੱਥੇ ਜੀ...?' ਐਸ. ਡੀ. ਓ. ਸਾਹਿਬ ਨੇ ਮੁਸਕਰਾਕੇ ਸਿਰ ਹਿਲਾਉਂਦਿਆਂ ਕਿਹਾ 'ਤੇ ਘੰਟੀ ਮਾਰੀ। ਚਪੜਾਸੀ ਆ ਗਿਆਂ 'ਬਈ ਬਾਰੀਆਂ ਦੇ ਪਰਦੇ ਠੀਕ ਕਰਦੇ।' ਰੁਮਾਲ ਨਾਲ ਮੂੰਹ ਪੂੰਝਦਾ ਹੋਇਆ ਐਸ. ਡੀ. ਓ. ਬੋਲਿਆ, 'ਨਾਲੇ ਰੰਗੀ ਨੂੰ ਕਹਿ, ਗਰਿੱਡ 'ਚ ਜਾ ਕੇ ਪਤਾ ਕਰੇ...ਕੀ ਨੁਕਸ ਪੈ ਗਿਆ...ਐਨਾ ਚਿਰ...।'

ਚਪੜਾਸੀ ਸੁਣਕੇ ਬਾਹਰ ਆ ਗਿਆ। ਐਸ. ਡੀ. ਓ, ਫਿਰ ਕਿਹਾ, 'ਤੁਸੀ ਸਰਦਾਰ ਜੀ ਬੇਫਿਕਰ ਰਹੋ...। ਜੇ ਪਿਛੇ ਤੋਂ ਹੀ ਨਾਂ ਆਵੇ ਤਾਂ ਸਾਡੇ ਵੱਸ ਨਹੀਂ। ਜਦੋਂ ਆ ਗਈ ਫਿਰ ਨਿਯਮਾਂ ਅਨੁਸਾਰ ਪੂਰੀ ਬਿਜਲੀ ਦੇਵਾਂਗੇ...। ਮੈਂ ਕਿਸੇ ਦਿਨ ਆਪ ਚੈਕ ਕਰਕੇ ਆਵਾਂਗਾ...। ਕਿਸਾਨਾਂ ਬਿਨਾਂ ਸਾਡੇ ਦੇਸ਼ ਦਾ...ਕਿਸਾਨ ਸਾਡੀ ਜਾਨ ਹਨ...।' ਮੁਸਕਰਾਂਦੇ ਐਸ. ਡੀ. ਓ. ਨੇ ਯਕੀਨ ਦਿਵਾਇਆ।

'ਚੰਗਾ ਜੀ ਸਾ ਸ੍ਰੀ ਕਾਲ...।' 'ਸਤਿ ਸ੍ਰੀ ਅਕਾਲ।' ਸਿਰ ਝੁਕਾਕੇ ਐਸ. ਡੀ. ਓ. ਨੇ ਮੰਨਿਆ।

ਸਾਰੇ ਜਣੇ ਦਫ਼ਤਰੋਂ ਬਾਹਰ ਆਕੇ, ਪੌੜੀਆਂ ਉੱਤਰ ਆਏ। ਹੱਥ ਮੂੰਹ ਧੋ ਕੇ, ਪਾਣੀ ਪੀਣ ਲਈ ਨਲਕੇ ਕੋਲ ਗਏ।

ਬਿਜਲੀ ਆ ਗਈ ਸੀ। ਪੱਖੇ ਤੇ ਕੂਲਰਾਂ ਨੇ ਫਿਰ ਸ਼ੁਕਾਟ ਬੰਨ੍ਹ ਦਿਤਾ।

ਥੋੜਾ ਪਰ੍ਹੇ ਬੈਠੇ ਲਾਲ ਪੱਗ ਵਾਲੇ ਇਕ ਮੁੰਡੇ ਨੇ ਪੁੱਛਿਆ, "ਕਿਉਂ ਜੀ ਪਈ ਮਿਹਨਤ ਪੱਲੇ ..?"

"ਕਾਹਦੀ ਮਿਹਨਤ ਯਾਰ...।" ਫੌਜੀ ਨੇ ਸਿਰ ਮਾਰ ਕੇ ਕਿਹਾ। "ਕੋਈ ਜੁਗਤ ਤੂੰ ਈ ਦੱਸ...।"

"ਆਹ ਰੌਣਕ ਦਾ ਕਾਰਖਾਨੈ...। ਇਕ ਤਾਂ ਉਹਦੇ ਰਿਸ਼ਤੇਦਾਰ ਊਂ ਤਕੜੇ ਲੀਡਰ ਨ...। ਆਹ ਹੁਣੇ ਜੀਪ ਛੱਡ ਕੇ ਆਈ ਐ। ਉਨ੍ਹਾਂ ਦੀ ਬੇਲੀ ਸਾਅਬ ਐਕਸੀਅਨ ਨਾਲ ਬਹੁਤ ਬਣਦੀ ਐ। ਨਾਲੇ ਊਂ ਸੇਵਾ ਬਹੁਤ ਕਰਦੇ ਨ। ਜਦੋਂ ਕੋਈ...। ਆਹ ਭਾਗਪੁਰੇ ਤੇ ਨਾਲ ਦੇ ਪਿੰਡਾਂ ਦੀ ਵਾਰੀ ਵੇਲੇ ਅੱਠ ਦੀ ਬਜਾਏ ਦਸ ਘੰਟੇ ਮੋਟਰਾਂ ਚਲਦੀਆਂ ਨ...।"

"ਕੋਈ ਅਹੇ ਜੀ ਗੱਲ...ਕਿਮੇਂ...?"

"ਅੱਗੇ ਕਣਕਾਂ ਬੇਲੇ ਤਾਂ ਮੋਟਰਾਂ ਆਲਿਆਂ ਨਾਲ ਦੋ-ਦੋ ਬੋਰੀਆਂ ਕਣਕ ਦਾ ਸੁਭ ਰਿਹੈ। ਹੁਣ ਓਨਾ ਊਂ ਚੌਲਾਂ ਦਾ...।"

"ਕਿਉਂ ਉਹ ਮੋਟਰਾਂ ਆਲੇ ਬਿੱਲ ਨੀ ਭਰਦੇ...?" ਫੌਜੀ ਨੇ ਧੌਣ ਅਕੜਾ ਕੇ ਪੁੱਛਿਆ।

"ਬਿੱਲ ਸਰਦਾਰ ਜੀ ਮਹਿਕਮੇ ਦਾ ਹੁੰਦੈ...।"

"ਨਹੀਂ...। ਅਸੀਂ ਨਹੀਂ ਐਹੇ ਜਾ ਕਮੀਨਾ ਕੰਮ ਕਰਨਾ...। ਸਾਡਾ ਕੋਈ ਹੱਕ ਐ। ਕਿਸਾਨ ਨੂੰ ਬਿਜਲੀ ਕਿਮੇਂ ਨਾ ਦੇਣਗੇ। ਸਾਨੂੰ ਭਮਾਂ ਉੱਤੇ ਜਾਣਾ ਪੈਜੇ...।"

"ਹਾਹੋ ਜੀ, ਜਦੋਂ ਬੋਰੀਆਂ ਦਾ ਮੁਲ ਉੱਤੇ ਜਾ ਸਕਦੈ, ਤੁਸੀਂ ਕਿਉਂ ਨੀ ਜਾ ਸਕਦੇ...?" ਕਹਿ ਕੇ ਉਹ ਜੀਪ ਸ਼ੈੱਡ ਵਲ ਚਲਾ ਗਿਆ।

"ਆਪਾਂ ਗੱਲ ਕਰਦੇ ਆਂ ਐਸ. ਡੀ. ਓ. ਸਾਅਬ ਨਾਲ...।" ਫੌਜੀ ਨੇ ਨਾਲਦਿਆਂ ਨੂੰ ਕਿਹਾ। ਉਹ ਦਫ਼ਤਰ ਦੇ ਕਮਰੇ ਵੱਲ ਨੂੰ ਇਕੱਠੇ ਹੀ ਤੁਰ ਪਏ।

ਦਫਤਰ ਅੰਦਰ ਗਏ। ਚਪੜਾਸੀ ਕੁਰਸੀ ਉੱਪਰ ਬੈਠਾ ਪੱਖੇ ਦੀ ਹਵਾ ਦਾ ਆਨੰਦ ਮਾਣ ਰਿਹਾ ਸੀ। ਉਸ ਨੇ ਕਿਹਾ, "ਸਾਅਬ ਤਾਂ ਜੀ ਹੁਣ ਚੌਥੇ ਨੂੰ ਮਿਲਣਗੇ। ਵਾਰ—ਐਤਵਾਰ ਦੀ ਛੁੱਟੀ ਆ ਗਈ ਮੂਹਰੇ। ਓਹ ਤਾਂ ਚਲੇ ਗਏ...।"

"ਕਦੋਂ ਚਲੇ ਗਏ...?" ਫੌਜੀ ਨੇ ਹੈਰਾਨ ਹੋ ਕੇ ਪੁੱਛਿਆ।

"ਅਜੇ ਹੁਣੇ ਈ ਗਏ ਨ, ਸਕੂਟਰ ਤੇ...।"

ਉਨ੍ਹਾਂ ਨੂੰ ਹੁਣ ਪੱਖੇ ਦੀ ਹਵਾ 'ਚੋਂ ਕੋਈ ਠੰਢਕ ਨਹੀਂ ਸੀ ਆ ਰਹੀ। ਪੌੜੀਆਂ ਕੋਲ ਆ ਕੇ ਇਕ ਨੇ ਕਿਹਾ, "ਕਿਉਂ ਫੌਜੀਆ ਹੁਣ ਕੀ ਕਰੀਏ ?"

"ਕਰਾਂਗੇ ਕੁਸ ਤਾਂ...। ਐਂ ਤਾਂ ਨੀ ਸਰਨਾ। ਉੱਪਰ ਤੱਕ..." ਉਸ ਨੇ ਸੜਕ ਵੱਲ ਮੂੰਹ ਕਰਕੇ ਕਿਹਾ, "ਪੂਰਾ ਖ਼ਿਆਲ ਕਰਨਾ ਪਊ...।" ੦

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ ਕੈਲਾਸ਼ ਕੌਰ—ਗੁਰਸ਼ਰਨ ਸਿੰਘ ਨੇ ਛਪਵਾਇਆ ਤੇ ਪ੍ਰਕਾਸ਼ਤ ਕੀਤਾ। ਛਪਾਈ ਹਰਸੁਖ ਪ੍ਰਿੰਟਰਜ਼, 23-ਮਹਾਂ ਸਿੰਘ ਗੇਟ ਮਾਰਕੀਟ, ਅੰਮ੍ਰਿਤਸਰ ਵਿਚ ਹੋਈ। ਪ੍ਰਬੰਧਕੀ ਸਿਰਨਾਵਾਂ : ਗੁਰੂ ਖ਼ਾਲਸਾ ਨਿਵਾਸ ਡਾਕਖ਼ਾਨਾ ਖ਼ਾਲਸਾ ਕਾਲਜ, ਅੰਮ੍ਰਿਤਸਰ-143002 : ਵਾਰਸ਼ਿਕ ਚੰਦਾ 15 ਰੁ:, ਵਿਦੇਸ਼ ਹਵਾਈ ਡਾਕ ਰਾਹੀਂ 80 ਰੁ:

ਭਾਰਤੀ ਕਵਿਤਾ :

## ਦੇਸ਼/ਪ੍ਰਮੋਦ ਸਿਨਹਾ

o ਅਨੁਵਾਦ : ਸੀ. ਮਾਰਕੰਡਾ

(1)
ਦੇਸ਼
ਮੈਂ ਤੈਨੂੰ ਬੇਹੱਦ ਪਿਆਰਦਾ ਹਾਂ
ਕਿਉਂਕਿ ਧਰਤੀ ਤੇ ਲੇਟਿਆਂ
ਬਾਰ ਬਾਰ ਤੇਰਾ ਨਾਂਅ ਲਿਖਿਆ ਹੈ
ਆਪਣੇ ਨਹੁੰਆਂ ਨਾਲ
ਤੇ ਜਿੰਨਾਂ ਮੈਂ ਨੇੜੇ ਹੋਕੇ ਵੇਖਿਐ ਹੈ
ਉਨ੍ਹਾਂ ਹੀ ਤੂੰ ਖ਼ੂਬ ਸੂਰਤ ਲਗਿਆ ਹੈਂ
ਪਰ ਤੂੰ ਨਹੀਂ ਜਾਣਦਾ
ਕਿ ਮੈਂ ਤੇ ਮੇਰਾ ਛੋਟਾ ਭਰਾ
ਸਕੂਲੋਂ ਨਿਕਲਣ ਸਾਰ
ਕਿੰਜ ਬੇਰੁਜ਼ਗਾਰੀ ਦੇ ਪੰਜੇ 'ਚ ਕਸੇ ਗਏ
ਰਹਿਣ ਲਈ ਆਪਣੀ ਜ਼ਮੀਨ ਵੀ ਨਹੀਂ ਸੀ
ਪੜ੍ਹਾਈ ਲਿਖਾਈ ਕੋਈ ਵੀ ਨਹੀਂ ਸੀ ਪੁਛਦਾ
ਇਮਤਿਹਾਨ ਦਾ ਨਤੀਜਾ
ਸਿਰਫ਼ ਸੁਣਾਇਆ ਜਾਂਦਾ ਸੀ
ਕਿ ਤੇਜ਼ੀ ਨਾਲ ਬਦਲ ਰਹੀ ਹੈ ਦੁਨੀਆਂ
ਉਸਦੇ ਵਿਸਵਾਸ਼
ਸਰਕਾਰ ਤੇ ਵੋਟ
ਜਿਸਦੀ ਕੀਮਤ ਨਹੀਂ ਹੈ ।

(2)
ਬਜ਼ਾਰ 'ਚ ਵਿਕਦੀਆਂ
ਚੀਜ਼ਾਂ ਦੇ ਕਾਲੇ ਭਾਅ
ਬਹੁਤ ਉੱਚੇ ਹੋ ਗਏ ਹਨ
ਕਿ ਲੋੜ ਦੀਆਂ ਚੀਜ਼ਾਂ ਵੀ
ਮਾਂ ਖਰੀਦ ਨਹੀਂ ਸਕਦੀ
ਪਰੰਤੂ ਕਾਲੇ ਅੱਖਰਾਂ 'ਚ ਲਿਖੇ
ਸੰਵਿਧਾਨ ਵਿਚ
ਇਨ੍ਹਾਂ ਬੇਈਮਾਨੀਆਂ ਤੋਂ ਬਚਣ ਦਾ
ਕੋਈ ਵੀ ਜ਼ਿਕਰ ਨਹੀਂ
ਇਨ੍ਹਾਂ ਨੂੰ ਤਾਂ ਸਿਰਫ਼ ਸਮਝ ਸਕਦੇ ਹਨ
ਵਕੀਲ, ਨੇਤਾ ਜਾਂ ਵਰਕਰ
ਕਿਉਂਕਿ ਆਮ ਆਦਮੀ ਤਾਂ
ਪੜ੍ਹਿਆ ਲਿਖਿਆ ਨਹੀਂ ਹੁੰਦਾ
ਕਾਕੇ ਵਾਂਗ ਹੀ ਚਿੱਠੀਆਂ 'ਤੇ
ਗੂਠੇ ਲਾਉਂਦਾ
ਤਿੰਨ ਵਿਘੇ ਜ਼ਮੀਨ ਲਈ
ਤੇਰਾਂ ਸਾਲ ਮੁਕੱਦਮਾ ਲੜਦਾ ਹੈ ।
ਤੂੰ ਤਾਂ ਜਾਣਦੈਂ
ਉਨ੍ਹਾਂ ਦੀ ਸਮਝ ਦੀ ਬੈਸਾਖੀ
ਕਲਪਤ ਕੀਮਤਾਂ ਵਾਂਗ
ਬਜ਼ਾਰੂ ਸਮਝ ਕੇ ਛੱਡ ਦਿਤੀ ਗਈ ਹੈ ।

(3)
ਅਖ਼ਬਾਰਾਂ ਦੇ ਯਕੀਨ ਕਰਕੇ
ਹੁਣ ਤਕ ਸੋਚਦਾ ਸੀ
ਕਿ ਨੇਤਾ ਵੱਡੀ ਚੀਜ਼ ਹਨ
ਓਹੀ ਕੁਝ ਕਰਨਗੇ
ਕਪੜੇ ਇਕ ਦਮ ਸੁੰਦਰ ਲਗਦੇ
ਪਰ ਇਨ੍ਹਾਂ ਪੈਂਤੀਆਂ ਵਰ੍ਹਿਆਂ 'ਚ
ਪਤਾ ਲਗਿਐ
ਕਿ ਉਪਰੋਂ ਬਿਲਕੁਲ ਸਫ਼ੇਦ
ਤੇ ਅੰਦਰੋਂ ਗੰਦੇ ਹਨ ।

(4)
ਸਾਫ਼ ਸੁਥਰੀ ਹੈ ਸੰਸਦ
ਪਰੰਤੂ ਰੋਜ਼ ਝਾੜੂ ਮਾਰਦਾ
ਘੁਤੂ ਜਮਾਂਦਾਰ ਕਹਿੰਦਾ ਹੈ—
ਨੇਤਾ ਜੇਬਾਂ ਕੱਟ ਰਹੇ ਹਨ
ਦੰਦਾਂ 'ਚ ਪਾਇਰੀਆ ਲਈ
ਰਾਜਸੀ ਅਰਾਮਘਰ ਦੀਆਂ ਪੌੜੀਆਂ ਤੇ
ਸਿਰ ਟਿਕਾਉਣ ਤੋਂ ਚੰਗਾ ਹੈ
ਬਚਿਆ ਜਾਵੇ ਤੇ ਧੀਰਜ ਭਾਅ ਸੋਚਿਆ ਜਾਵੇ
ਕਿ ਆਉਣ ਵਾਲੇ ਸਮੇਂ ਲਈ ਵੀ
ਇਸ ਤਰ੍ਹਾਂ ਧੋਖਾ ਦੇਹੀ ਕਿੰਨੇ ਦਿਨ ਚਲੇਗੀ।

(5)
ਚੋਣਾਂ ਦਾ ਨਤੀਜਾ
ਬੜੀ ਧੂਮ ਧਾਮ ਨਾਲ ਨਿਕਲਦਾ ਹੈ
ਤਾਂ ਬਾਬਾ ਭਮੱਤਰ ਜਾਂਦਾ ਹੈ
ਪੁਛਦੀ ਹੈ ਸਾਰੀ ਸੱਥ
ਕਿ ਸਾਡੀ ਕੀਮਤੀ ਵੋਟ ਕਿਧਰ ਗਈ ?
ਇਕ ਆਦਮੀ ਨੂੰ
ਇਕ ਵਾਰ ਹੀ ਮੂਰਖ ਬਣਾਇਆ
ਜਾ ਸਕਦਾ ਹੈ
ਪਰ ਪੂਰੇ ਦੇ ਪੂਰੇ ਮੁਲਕ ਦੇ
ਦੁਧ ਪੀਂਦੇ ਬੱਚੇ ਤੋਂ ਲੈਕੇ
ਕਬਰ 'ਚ ਲੱਤਾਂ ਪਸਾਰੀ ਬੈਠੇ
ਝੁਰੜੀਦਾਰ ਬੁੜੇ ਨੂੰ
ਇਕ ਹੀ ਡੰਡੇ ਨਾਲ

ਨਹੀਂ ਹੱਕਿਆ ਜਾ ਸਕਦਾ
ਪਚਵੰਜਾ ਕਰੋੜ ਸਖਣੇਂ ਹੱਥੀਂ ਝੋਲੇ ਫੜੀ
ਪਾਟੀਆਂ ਕੁੜਤੀਆਂ ਨੂੰ ਵੇਖਕੇ
ਚੁਪ ਨਹੀਂ ਰਹਿ ਸਕਦੇ
ਕਿਉਂਕਿ ਉਹਨਾਂ ਦੇ ਹੱਥਾਂ 'ਚ ਮੈਲ ਹੈ
ਤੇ ਉਹ 'ਬੋਲੀਆਂ ਮਲ਼ ਰਹੇ ਹਨ।

(6)

ਮਾਂ ਆਪਣੀਆਂ ਅਨੁਭਵੀ ਅੱਖਾਂ ਤੋਂ
ਮੋਟੇ ਸ਼ੀਸ਼ੇ ਦੀਆਂ ਐਨਕਾਂ ਉਤਾਰ
ਪੂੰਝਦੀ ਹੋਈ ਕਹਿੰਦੀ ਹੈ
ਇਕ ਨਾ ਇਕ ਦਿਨ
ਅਜਿਹਾ ਭਬੂਕਾ ਉਠੇਗਾ
ਕਿ ਅਨਿਆਂ ਦਾ ਸਿਰ ਚੀਰ ਕੇ
ਰਖ ਦਿਤਾ ਜਾਵੇਗਾ
ਪਰ ਇਸ ਤਬਦੀਲੀ ਲਈ
ਕੋਈ 'ਸਮਾਨੋਂ' ਨਹੀਂ ਉਤਰੇਗਾ
ਇਹ ਨਿਪੁੰਸਕਤਾ ਦੀ ਸਥਿਤੀ ਹੈ—
ਕਿ ਨਿਰਦੇਤਾ ਦੇ ਡੰਬੇ ਲੋਕਾਂ ਨੂੰ ਵੇਖਕੇ ਵੀ
ਨਜ਼ਰ ਅੰਦਾਜ਼ ਕੀਤਾ ਜਾਵੇ
ਜਦੋਂ ਕਿ ਸੱਤਾ ਦੇ ਨਹੁੰ
ਪਿੱਠ 'ਚ ਛੁਰੇ ਵਾਂਗ ਖੁਭਕੇ
ਜੀਵਨ ਦੇ ਵਜੂਦ ਨੂੰ
ਨਸ਼ਟ ਕਰਨ ਤੇ ਤੁਲੇ ਹੋਏ ਹੋਣ।
ਅਜਿਹੇ ਸਮੇਂ
ਜਦੋਂਕਿ ਉਨ੍ਹਾਂ ਨੂੰ ਬੁਰਜੀਆਂ ਤੇ
ਚਮਕਦਿਆਂ ਬਰਛਿਆਂ ਨਾਲ
ਉਨ੍ਹਾਂ ਨਾਲ ਖੜੇ ਹੋਣਾ ਚਾਹੀਦਾ ਸੀ
ਲੋਕ ਆਪਣੀ ਬੇਵਸੀ ਕਾਰਨ
ਰੋ ਰਹੇ ਹਨ
ਤੇ ਉਨ੍ਹਾਂ ਦੀ ਸੰਤਾਨ
ਆਪਣੇ ਬਾਪ ਦੀ ਮਰਦਾਨਗੀ ਤੇ
ਬਹਿਸ ਕਰ ਰਹੀ ਹੈ।

(7)

ਹਾਲਾਤ ਅਜਿਹੇ ਹਨ
ਕਿ ਕੋਈ ਵੀ ਛੋਟਾ ਨਹੀਂ
ਕਹਾਉਣਾ ਚਾਹੁੰਦਾ
ਇਹ ਜਾਣਦੇ ਹੋਏ ਵੀ
ਕਿ ਇਸ ਦੇਸ਼ ਦਾ ਭਲਾ ਨਹੀਂ ਹੋਣਾ
ਕਿਉਂਕਿ ਉਚੀਆਂ ਕੁਰਸੀਆਂ ਤੇ ਬੈਠਕੇ
ਪੁਰਾਣ ਕਥਾਵਾਂ ਦੀ ਨਕਲ ਕਰਦੇ ਹੋਏ
ਇਹ ਬਾਬੂ ਨੁਮਾ ਲੋਕ
ਰੰਗੀਨ ਐਨਕਾਂ ਨਾਲ
ਪੂਰੇ ਮੁਲਕ ਨੂੰ ਵੇਖਦੇ ਹਨ
ਕਿ ਐਨੇ ਟੈਕਸ ਦੇਣ ਤੋਂ ਬਾਅਦ ਵੀ
ਸਭ ਕੁਝ ਖੁਸ਼ਹਾਲ ਤੇ ਹਰਿਆ ਹੈ
ਜਦੋਂ ਕਿ ਸੱਚ ਤਾਂ ਇਹ ਹੈ—
ਕਿ ਆਪਣੇ ਤੇ ਆਪਣੇ ਦੇਸ਼ ਪ੍ਰਤੀ
ਅਸੀਂ ਜ਼ੁਲਮ ਕਰਦੇ ਹਾ
ਤੇ ਅਜ਼ਾਦੀ ਤੋਂ ਪਿੱਛੋਂ ਵੀ
ਗੁਲਾਮ ਢਾਂਚੇ ਨੂੰ
ਮੱਥੇ ਟੇਕਦੇ ਆਏ ਹਾਂ।
ਕਿ ਪੜ੍ਹਨ ਤੋਂ ਬਾਅਦ ਵੀ
ਨੌਕਰੀ ਨਹੀਂ ਮਿਲਦੀ
ਅਤੇ ਦਿਮਾਗੀ ਐਯਾਸ਼ੀ ਵਾਂਗ ਹੀ
ਸ਼ਰਮਨਾਕ ਕੁਝ ਵੀ ਨਹੀਂ ਲਗਦਾ
ਨਾਂ ਪ੍ਰਤੀ ਵਿਅਕਤੀ
ਕਰਜ਼ੇ ਨਾਲ ਲੱਦੀ ਆਰਥਕ ਗੁਲਾਮੀ
ਨਾ ਲੱਕ ਤੋੜ ਮਹਿੰਗਾਈ
ਨਾ ਭੁਖ ਨਾਲ ਮਰਦੇ ਬੱਚੇ
ਨਾ ਆਪਣੀ ਬੇਰੁਜ਼ਗਾਰੀ
ਅਤੇ ਨਾ ਹੀ ਉਸ ਕੁੜੀ ਨਾਲ
ਸਤ-ਸਤ ਲੋਕਾਂ ਦਾ ਕੀਤਾ ਬਲਾਤਕਾਰ।
ਮਾ ਕਹਿੰਦੀ ਸੀ—
ਇਹ ਸਭ ਕੁਝ ਇਤਿਹਾਸ 'ਚ
ਵਾਪਰਦਾ ਰਿਹਾ ਹੈ
ਪਰੰਤੂ
ਇਸ ਨੂੰ ਤੁਸੀਂ ਵੀ ਮੰਨੋਗੇ
ਕਿ ਇਹ ਕ੍ਰਾਂਤੀ
ਦੇਸ਼ ਲਈ ਇਕ ਨਵੀਂ ਭਾਸ਼ਾ ਹੈ
ਜਿਸਦਾ ਅਰਥ
ਸਰਕਾਰੀ ਪਾਠ-ਪੁਸਤਕਾਂ
ਜਾਂ ਘਿਸੀਆਂ ਪਿਟੀਆਂ
ਅਕੈਡਿਮਿਕ ਅਲੋਚਨਾ ਦੀਆਂ ਕਿਤਾਬਾਂ
'ਚੋਂ ਨਹੀਂ ਮਿਲਣਾ

(8)

ਇਸ ਲਈ ਅੰਤ
ਥੱਕ ਹਾਰਕੇ
ਸੜਕਾਂ ਤੇ ਨਿਕਲ ਆਇਆ ਹੈ ਜਲੂਸ
ਜਿਵੇਂ ਭੁਚਾਲ ਆ ਗਿਆ ਹੋਵੇ
ਤੇ ਦੁਆਲੇ ਸੰਗੀਨਾਂ
ਤਿਆਰ ਬਰ ਤਿਆਰ ਹਨ।
ਲਿਪੇ ਪੋਚੇ ਘਰਾਂ 'ਚ ਬੈਠੇ

ਲੋਕਾਂ ਤੋਂ ਲੈਕੇ
ਰੇਲ ਦੀਆਂ ਪਟੜੀਆਂ
ਦਫ਼ਤਰਾਂ ਤੇ ਖਾਣਾਂ 'ਚ
ਕੰਮ ਕਰਨ ਵਾਲਿਆਂ ਦੀ
ਭੁੱਖੀ, ਨੰਗੀ ਜੁੜੀ ਹੋਈ
ਬੇਤਹਾਸ਼ਾ ਭੀੜ
ਇਨ੍ਹਾਂ ਨੂੰ ਘੇਰਦੀ ਹੈ
ਕਿ ਉਹ ਆਪ ਵੀ ਔਲਾਦ ਦਾ
ਸੌਂਦਰੀਯ ਬੋਧ ਵੇਖਦੇ ਵੇਖਦੇ
ਖਲਾਸ ਹੋ ਗਏ ਹਨ

(੭)

ਦੁਬਿਧਾ 'ਚ ਫਸ ਕੇ ਕਹਿੰਦਾ ਹੈ
ਲਛਮਣ ਹੌਲਦਾਰ—
ਕਿ ਗੋਲੀ ਕਿੰਜ ਚੱਲੇ ?
ਇਹ ਤਾਂ ਸਾਡੇ ਗੁਆਂਢੀ ਦੇ ਲੜਕੇ ਹਨ
ਜੋ ਕਢਦੇ ਹਨ ਜਲੂਸ
ਪੱਗ ਵੱਟ ਯਾਰੀ ਸੀ
ਇਨਾਂ ਦੇ ਪਿਓ ਦੇ ਨਾਲ
ਦੋਹਾਂ ਜੋੜੇ ਸੀ ਹਲ
ਖੇਤਾਂ ਦੇ ਨਾਲੋਂ ਨਾਲ
ਇਕੱਠਿਆਂ ਹਾਜ਼ਰੀ ਖਾਧੀ ਸੀ
ਅੱਤ ਕਿੰਨੇ ਕੁ ਦਿਨ
ਝੁਠਲਾਇਆ ਜਾਂਦਾ ਰਹੇਗਾ
ਜਦੋਂ ਕਿ ਜਨਤਾ ਦੀ ਅਦਾਲਤ ਵਿਚ
ਇਕ ਤੇਜ਼ ਤਰਾਰ 'ਨੇਰੀ ਉਠਦੀ ਹੈ
ਅਤੇ ਪੂਰੇ ਨਕਸ਼ੇ ਤੇ ਫੈਲ ਜਾਂਦੀ ਹੈ
ਉਸਦਾ ਸਵਾਗਤ ਉਸ ਤਰਾਂ ਹੀ
ਹੁੰਦਾ ਹੈ
ਜਿਸ ਤਰਾਂ ਪਿੰਜਰੇ 'ਚੋਂ ਨਿਕਲ ਕੇ ਜਾਨਵਰ
ਪੁਰਾਣੇ ਜਾਨਵਰਾਂ ਦਾ ਕਰਦੇ ਹਨ
ਪੰਛੀ ਕਦੋਂ ਪਿੰਜਰੇ 'ਚ
ਬੰਦੀ ਹੋਏ ਹਨ ?

o

## ਮਾਂ ਨੂੰ

o ਜਗਜੀਤ ਮਾਨਵ

ਖਿਮਾਂ ਕਰੀਂ ਅੰਮੀਏ
ਮੈਂ ਤੈਥੋਂ
ਬਗਾਵਤ ਕਰ ਰਿਹਾ ਹਾਂ।
ਮੈਂ ਕਿਵੇਂ
ਦਾਦੇ ਦੀ
ਖੋਰਲੀਆਂ ਚੂਲਾਂ ਵਾਲੀ
ਕੁਰਸੀ ਤੇ ਬੈਠ ਜਾਵਾਂ ?
ਉਸਤੋਂ ਤਾਂ ਕਈ ਵਾਰ
ਮੇਰੇ ਚੂੰਢੀਆਂ ਵੀ ਵੱਢੀਆਂ ਗਈਆਂ ਨੇ।
ਅਮੜੀਏ !
ਬਾਪੂ ਆਲੀ
ਪਰੈਣੀ ਫੜਾ ਕੇ
ਮੈਨੂੰ ਡੰਗਰਾਂ ਮਗਰ ਨਾ ਤੋਰ।
ਮੈਨੂੰ ਸੋਚਣ ਦੇ ਮਾਂ
ਤੇਰੀ ਸੱਸ ਤੋਂ ਲੈ ਕੇ
ਤੇਰੀਆਂ ਹੀ ਪੋਤਰੀਆਂ ਤੱਕ
ਆਪਣੇ ਖੇਤ
ਸੁੰਗੜਦੇ ਹੀ ਕਿਉਂ ਗਏ ਨੇ।
ਹਾੜੀ-ਸਾਉਣੀ
ਬੁੱਕਾਂ ਦੇ ਬੁੱਕ
ਨੋਟ ਆਉਣ ਦੇ ਬਾਵਜੂਦ ਵੀ
ਆਪਾਂ ਦਲਾਨ ਵਾਲੀ ਛੱਤ
ਕਿਉਂ ਨਹੀਂ ਬਦਲ ਸਕੇ।
ਵੇਖ ਬੇਬੇ
ਹੁਣ ਮੈਥੋਂ
ਵਾਹਗੁਰੂ ਦਾ ਭਾਣਾ ਮੰਨ ਕੇ
ਇਹ ਸਭ ਨਹੀਂ ਜਰ ਹੋਣਾ
ਮੈਂ ਤੇਰੇ ਹੁਕਮਾਂ ਦੀ
ਅਦੂਲੀ ਕਰ ਰਿਹਾ ਹਾਂ
(ਜੋ ਤੇਰੇ ਵਿਰਸੇ ਦੇ ਨੇ)
ਪਰ
ਤੇਰੀ ਛਾਤੀ 'ਚੋਂ ਚੁੰਘੀਆਂ
ਬੱਤੀ ਧਾਰਾਂ ਵਿੱਚੋਂ
ਇੱਕ ਨੂੰ ਵੀ
ਊਝ ਨਹੀਂ ਲਾਵਾਂਗਾ।

o

## ਜੰਗ ਜਾਂ ਅਮਨ

o ਦਲਬੀਰ ਆਸੀ

'ਗਾਂਧੀ' ਦੇ ਦੇਸ਼ ਵਿੱਚ
ਗੱਲ ਤਾਂ ਅਮਨ ਦੀ ਹੀ ਕਰਨੀ ਚਾਹੀਦੀ ਏ।
ਪਰ
ਔਰਤਾਂ ਨਾਲ ਬਲਾਤਕਾਰ,
ਭੁੱਖੇ-ਨੰਗੇ ਬੱਚਿਆਂ ਦਾ ਚੀਖ-ਚਿਹਾੜਾ,

ਸਾਡੇ ਹੱਡਾਂ ਤੋਂ ਲੱਥ ਰਿਹਾ ਮਾਸ,
ਬੇਕਾਰੀ,
ਅੱਧ-ਨੰਗੇ ਸੁੱਕੇ ਜਿਸਮ,
ਮੈਲੇ-ਪਾਟੇ ਕੱਪੜੇ,
ਝੌਂਪੜੀਆਂ ਵਰਗੇ ਮਕਾਨ,
ਭੁੱਖ ਦਾ ਹਨੇਰਾ,
ਗਰੀਬੀ ਦੀ ਦਲਦਲ,
ਬੁਢਾਪੇ ਵਰਗੀ ਜਵਾਨੀ,
ਮੌਤ ਵਰਗਾ ਬੁਢਾਪਾ,
ਤੇ ਉੱਤੋਂ ਇਹ ਤੁਹਾਡੀਆਂ ਲੂੰਬੜ ਚਾਲਾਂ
ਕੀ ਪੈਦਾ ਕਰਨਗੇ
...............???

o

## ਸਹਿ-ਗੀਤ

o ਧਰਮ ਪਾਲ ਉਪਾਸ਼ਕ

ਗਹਿਣਾ ਹੋ ਗਹਿਣਾ
ਪਾਕੇ ਹੱਥਕੜੀਆਂ ਦਾ ਗਹਿਣਾ।
ਸਾਥੀ ਨਾਲ ਜਬਰ ਦੇ ਖਹਿਣਾ।
ਬਣ ਗਏ ਹੱਥ ਲੋਹੇ ਦੇ ਸਾਡੇ,
ਲੋਹੇ ਨਾਲ ਲੋਹਾ ਹੈ ਲੈਣਾ ਹੋ...

ਦੱਤੀ ਹੋ ਦੱਤੀ
ਰਲੀ ਜਾਂ ਨਾਲ ਹਥੌੜੇ ਦੱਤੀ।
ਇਸ ਨੇ ਲੁੱਟ ਦੀ ਅਣਖ ਮੁਕਾਤੀ।
ਜਿਥੇ ਜਾਗ ਪਿਆ ਹੈ ਕਿਰਤੀ,
ਉਜੜੀ ਦੁਨੀਆਂ ਸਵਰਗ ਬਣਾਤੀ ਹੋ...

ਤਾਰਾ ਹੋ ਤਾਰਾ
ਬਣਨਾ ਜੇ ਅੰਬਰ ਦਾ ਤਾਰਾ।
ਤਨ ਮਨ ਲਾ ਲੋਕਾਂ ਲਈ ਸਾਰਾ।
ਜਬਰ ਦੇ ਧੁਰ ਸੀਨੇ ਵਿਚ ਲਹਿਣਾ,
ਕਿਰਤੀਆਂ ਲਾ ਏਕੇ ਦਾ ਨਾਹਰਾ। ਹੋ...

ਡਾਰਾਂ ਹੋ ਡਾਰਾਂ
ਲੈ ਕੇ ਜਾਲ ਉਡੀਆਂ ਡਾਰਾਂ।
ਸਾਥੀ ਤੂੰ ਕਿਉਂ ਕਰੇਂ ਵਿਚਾਰਾਂ
ਲੈਕੇ ਲਗਨ ਦਿਲਾਂ ਵਿਚ ਡੂੰਘੀ,
ਜਿਤਾਂ ਵਿਚ ਬਦਲਦੇ ਹਾਰਾਂ। ਹੋ...

ਕੁਲੀ ਹੋ ਕੁਲੀ
ਖਵੇਗੀ ਹੁਣ ਮਹਿਲਾਂ ਨਾਲ ਕੁੱਲੀ।
ਜਨਤਾ ਰਹੀ ਬੜੀ ਚਿਰ ਭੁੱਲੀ।
ਲੋਕੀਂ ਬਣਕੇ ਝੱਖੜ ਝੁੱਲੇ,
ਲੰਮੀ ਚੁੱਪ ਜਦੋਂ ਵੀ ਖੁਲ੍ਹੀ। ਹੋ...

ਡਾਲੀ ਹੋ ਡਾਲੀ
ਰਖਣੀ ਹਰੀ ਜੇ ਡਾਲੀ ਡਾਲੀ।
ਡੂੰਘੀ ਗੋਡ ਧਰਤ ਨੂੰ ਮਾਲੀ।
ਤੇਰੀ ਮਿਹਨਤ ਨੂੰ ਫਲ ਪੈਣਾ,
ਘਰ ਘਰ ਨੱਚੇਗੀ ਖੁਸ਼ਹਾਲੀ। ਹੋ...

ਚੱਲੇ ਹੋ ਚੱਲੇ।
ਭਰ ਕੇ ਕੰਢਿਆਂ ਤਾਈਂ ਚੱਲੇ।
ਕਿਹੜਾ ਦਰਿਆਵਾਂ ਨੂੰ ਠੱਲੇ।
ਟਿੱਬੇ ਰੋੜਕੇ ਟੋਏ ਭਰਨੇ,
ਪਾਣੀ ਪੈਂਦਾ ਕਰ ਕਰ ਹੱਲੇ। ਹੋ...

ਹੋਕਾ ਹੋ ਹੋਕਾ
ਦੇਣਾ ਗਲੀ ਗਲੀ ਵਿਚ ਹੋਕਾ।
ਬਈ ਹੁਣ ਰਹਿਣਾ ਜਾਗਦੇ ਲੋਕਾ।
ਲਾਲੀ ਔਹ ਪੂਰਬ ਦੀ ਆਖੇ,
ਹਥੋਂ ਜਾਣ ਨਾ ਦੇਣਾ ਮੌਕਾ। ਹੋ...

ਪਾਣੀ ਹੋ ਪਾਣੀ
ਬੇਲੀਆ ਗਲ ਗਲ ਆਇਆ ਪਾਣੀ।
ਤੂੰ ਨਾ ਅਜੇ ਵੀ ਰਮਜ ਪਛਾਣੀ।
ਹੁਣ ਤਾਂ ਹੱਲ ਢੂੰਡਣਾ ਪੈਣਾ,
ਇਕ ਨਾ ਤੰਦ ਉਲਝ ਗਈ ਤਾਣੀ। ਹੋ...

ਹੁੰਗਾਰਾ ਹੋ ਹੁੰਗਾਰਾ
ਪਾਵਾਂ ਬਾਤ ਤੂੰ ਭਰੀ ਹੁੰਗਾਰਾ।
ਵੇਖੀਂ ਸੌਂ ਨਾ ਜਾਵੀਂ ਦਿਲਦਾਰਾ।
ਸਾਡੇ ਰਾਮ ਦੀ ਲੰਮੀ ਕਹਾਣੀ।
ਰਲ ਮਿਲ ਕਰਨਾ ਪਾਰ ਉਤਾਰਾ। ਹੋ...

o

## ਗੀਤ

ਮਨਜੀਤ ਕਾਦਰ

ਤੇਰੇ ਰਾਜ ਵਿੱਚ ਕੇਹਾ ਹਨੇਰ ਵੇ।
ਜਿਥੇ ਹੋ ਰਹੇ ਨੇ, ਜ਼ੁਲਮ-ਢੇਰ ਵੇ।
ਜ਼ਾਲਮ ਹਾਕਮਾ!
ਤੇਰੇ ਰਾਜ ਵਿੱਚ ਕਾਲਾ ਕਾਨੂੰਨ ਵੇ।
ਜਿਥੇ ਲੋਕਾਂ ਦੀ ਮੰਦੜੀ ਜੂਨ ਵੇ।
ਜ਼ਾਲਮ ਹਾਕਮਾ!
ਤੇਰੇ ਰਾਜ ਵਿੱਚ ਕੂੜ-ਨਿਆਂ ਵੇ।
ਹੱਕ-ਸੱਚ ਨੂੰ ਨਹੀਂ ਕੋਈ ਥਾਂ ਵੇ।
ਜ਼ਾਲਮ ਹਾਕਮਾ!
ਤੇਰੇ ਰਾਜ ਵਿੱਚ ਭੁੱਖ-ਬੇਕਾਰੀ ਵੇ।
ਤੇਰੀ ਤੜਫੇ ਰਈਯਤ ਸਾਰੀ ਵੇ।
ਜ਼ਾਲਮ ਹਾਕਮਾ!
ਤੇਰੇ ਰਾਜ ਦੀ ਫੀਤਾ-ਸ਼ਾਹੀ ਵੇ।
ਕਰ ਰਹੀ ਹੈ ਲੋਕ-ਤਬਾਹੀ ਵੇ।
ਜ਼ਾਲਮ ਹਾਕਮਾ!
ਤੈਨੂੰ ਲੋਕਾਂ ਦਾ ਨਹੀਂ ਖਿਆਲ ਵੇ।
ਤੈਨੂੰ ਗੱਦੀਆਂ ਦੀ ਪਈ ਏ ਸੰਭਾਲ ਵੇ।
ਜ਼ਾਲਮ ਹਾਕਮਾ!
ਜਦੋਂ ਹੋ ਗਿਆ ਲੋਕਾ ਦਾ ਏਕਾ ਵੇ।
ਚੁੱਕ ਦੇਣਗੇ ਜ਼ੁਲਮ ਦਾ ਠੇਕਾ ਵੇ।
ਜ਼ਾਲਮ ਹਾਕਮਾ!

o

## ਕਲਪ ਬ੍ਰਿਛ

੦ ਜਗੀਰ ਸੱਧਰ

ਤੁਸੀਂ ਚਹੁੰਦੇ ਹੋ—
ਮੈਂ ਆਪਣਾ ਸੀਸ
ਤੁਹਾਡੇ ਪੈਰਾਂ ਤੇ ਰੱਖ ਕੇ
ਆਪਣੇ ਕਾਰਜ ਵਿਚ
ਸਫਲ ਹੋਣ ਲਈ
ਅਸ਼ੀਰਵਾਦ ਮੰਗਾਂ ?

—ਮੇਰਾ ਸਿਰ ਤਾਂ
ਪਤਾ ਨਹੀਂ ਕਦੋਂ
ਤੁਸੀਂ ਹੀ ਮੇਰੇ ਧੜ ਤੋਂ
ਗ਼ਾਇਬ ਕਰ ਲਿਆ ਸੀ
ਆਪਣਾ ਕਾਰਜ
ਪੂਰਾ ਕਰਨ ਲਈ,

—ਹੁਣ ਮੈਨੂੰ—
ਤੁਹਾਡੇ ਅਸ਼ੀਰਵਾਦ ਦੀ ਨਹੀਂ
ਆਪਣੇ ਗ਼ਾਇਬ ਹੋ ਚੁੱਕੇ
ਸੀਸ ਦੀ ਲੋੜ ਹੈ !

—ਪਰ ਤੁਸੀਂ ਮੈਨੂੰ
ਇੰਜ ਕਰਨ ਲਈ
ਕਿਓਂ ਆਖ ਰਹੇ ਹੋ ?
ਸ਼ਾਇਦ ਤੁਸੀਂ
ਮੇਰੇ ਧੜ ਤੇ
ਇਕ ਹੋਰ ਸੀਸ
ਉੱਗਦਾ ਵੇਖ ਲਿਆ ਹੈ
ਜਿਸਨੂੰ ਗ਼ਾਇਬ ਕਰਨ ਦੀ
ਸਮੱਰਥਾ,
ਤੁਹਾਡੇ ਵਿੱਚ ਨਹੀਂ ।

—ਯਾਦ ਰਖੋ ।
ਮੇਰੇ ਧੜ ਤੇ ਸੀਸ ਨਹੀਂ
ਸੂਰਜ ਉੱਗ ਰਿਹੈ
ਜੋ ਤੁਹਾਡੀ ਕੋਠੀ 'ਚ ਲੱਗੇ
ਮਨੀ-ਪਲਾਂਟ ਨੂੰ
ਰਾਖ ਕਰ ਸੁਟੇਗਾ
ਤੇ ਬੀਜ ਦੇਵੇਗਾ
ਹਰ ਘਰ ਦੇ ਵਿਹੜੇ ਵਿਚ
—ਕਲਪ ਬ੍ਰਿਛ !

## ਗੱਲ

੦ ਪ੍ਰੀਤਮ ਰੁਪਾਲ

ਗੱਲ ਕਰਨ ਲੱਗਾ ਹਾਂ
ਇਕ ਅੰਗਿਆਰੇ ਦੀ
ਜਿਸਨੂੰ ਬੇ ਮੌਸਮੀ ਜਿਹੀ ਹਵਾ ਨੇ
ਪਲਾਂ ਵਿਚ ਹੀ ਧੁਖਾ ਦਿੱਤਾ ਸੀ
ਤੇ ਉਹ ਮੱਘਦਾ ਮੱਘਦਾ
ਰਲ ਗਿਆ ਸੀ ਪੌਣ ਦੇ ਸੰਗ ।

ਆਪਣੇ ਜਿਸਮ ਦੀ ਛੂਹ ਨਾਲ
ਹੋਰਾਂ ਨੂੰ ਧੁਖਾਂਦਾ
ਉਹ ਠੋਸ ਕਦਮਾਂ ਨਾਲ
ਕਿਸੇ ਮੰਜ਼ਿਲ ਵੱਲ ਤੁਰਿਆ ਸੀ ।

ਸਵਾਲ ਉਠਦਾ—
"ਆਖਰ ਇਹ ਕਿਉਂ ਤੁਰਿਆ ਹੈ ਇਸ ਚਾਲੇ ?"
ਕੋਈ ਉਸਨੂੰ ਵਤਨ ਦਾ ਆਸ਼ਕ ਦਸਦਾ
ਤੇ ਕੋਈ ਕਹਿੰਦਾ—
ਇਹ ਤਾਂ ਲਾੜਾ ਹੈ ਜੋ ਚਲਿਐ
ਸੇਹਰੇ ਬੰਨ੍ਹ ਕੇ ਕਿਸੇ ਨੂੰ ਵਰਨ ।

ਜੇ ਇਹ ਗੱਲ ਸੀ
ਤਾਂ ਉਸ ਦੀ ਭੈਣ ਨੇ ਵੀ ਸੋਚਿਆ ਹੋਵੇਗਾ
ਆਪਣੇ ਵੀਰੇ ਦੇ ਸਿਰ 'ਤੇ ਫੁਲਕਾਰੀ ਤਾਣ ਕੇ
ਗਾਉਣਾ ਇਹ ਗੀਤ—
"ਉਹਨਾਂ ਰਾਹਾਂ ਦਾ ਰੇਤਾ ਖੰਡ ਬਣਿਆਂ
ਜਿਹੜੇ ਰਾਹੀਂ ਵੀਰ ਮੇਰਾ ਜੰਞ ਚੜ੍ਹਿਆ"

ਪਰ ਜਿੰਨ੍ਹਾਂ ਰਾਹਾਂ ਤੋਂ ਉਹ ਲੰਘਿਆ ਸੀ
ਉਹਨਾਂ ਰਾਹਾਂ ਦਾ ਰੇਤਾ ਤਾਂ ਬਾਰੂਦ ਬਣ ਗਿਆ ਸੀ ।
ਉਸ ਤੋਂ ਬਾਅਦ ਜੋ ਵੀ ਉਸ ਰਾਹੇ ਲੰਘਿਆ
ਸ਼ੋਅਲੇ ਬਣ ਕੇ ਭੜਕਦਾ ਰਿਹਾ ।
ਇਹਨਾਂ ਸ਼ੋਅਲਿਆਂ ਤੋਂ ਤ੍ਰਹਿੰਦੀ ਸੀ
ਸਮੇਂ ਦੀ ਹਕੂਮਤ ।

ਤੇ ਇਹਨਾਂ ਨੂੰ ਬੁਝਾਉਣ ਲਈ
ਹੰਭ ਗਏ ਸਨ ਉਹਨਾਂ ਦੇ ਅੱਗ-ਬੁਝਊ-ਇੰਜਨ
ਪਰ ਅੱਗ ਦੇ ਜਿਸਮਾਂ 'ਤੇ
ਕੋਈ ਅਸਰ ਨਾ ਹੋਇਆ ।

ਫੇਰ ਇਕ ਦਿਨ ਸੁਣਿਆਂ
ਕਿ ਉਸ ਨੇ ਆਪਣੀ ਲਾੜੀ ਨਾਲ
ਲਾਂਵਾਂ ਲੈ ਲਈਆਂ ।

ਉਸ ਦੀ ਮਾਂ ਕਿਨ੍ਹਾਂ ਹੀ ਉਡੀਕਦੀ ਰਹੀ
ਬੂਹੇ ਵਿਚ 'ਮਿੱਠੇ ਪਾਣੀ' ਦਾ ਗੜਬਾ ਲੈ ਕੇ ।
ਪਰ ਵੰਨਾ-ਵੰਨੀ ਨਾ ਆਏ ।

ਜਦੋਂ ਉਹ ਥੱਕ ਗਈ
ਤਾਂ ਬਿਨਾਂ 'ਵਾਰੇ' ਹੀ
ਮਿੱਠੇ ਪਾਣੀ ਦਾ ਕੌੜਾ ਘੁੱਟ ਭਰ ਲਿਆ ।

ਕਾਫ਼ੀ ਸਮੇਂ ਬਾਅਦ
ਵੰਨੀ ਇਕੱਲੀ ਹੀ ਆਈ
ਉਸ ਦੇ ਗਲ ਵਿਚ ਚੀਥੜੇ ਸਨ
ਤੇ ਮਹਿੰਦੀ ਵਾਲੇ ਪੈਰਾਂ ਵਿਚ ਬਿਆਈਆਂ ।

ਉਸ ਦੇ ਘਰ 'ਚ ਮਸਾਣਾਂ ਵਰਗੀ ਚੁੱਪ ਸੀ
ਸੜਕਾਂ ਤੇ ਖ਼ੂਨ ਦੀ ਚਿਪਚਿਪੀ
ਤੇ ਹਰ ਜਗ੍ਹਾ ਖੋਪੜੀਆਂ ਦੇ ਢੇਰ ।

ਉਹ ਘਬਰਾ ਗਈ
ਤੇ ਜਿੱਧਰ ਨੂੰ ਮੂੰਹ ਹੋਇਆ ਭੱਜ ਨਿਕਲੀ ।
ਸਮੇਂ ਦੇ ਅਗਵਾਕਾਰਾਂ ਨੇ
ਉਸ ਨੂੰ ਅਗਵਾ ਕਰ ਲਿਆ ।

ਹੁਣ ਤਾਂ ਉਹ ਬੁੱਢੀ ਹੋ ਚੁੱਕੀ ਐ
ਤੇ ਅਗਵਾਕਾਰਾਂ ਦਾ ਪਾਣੀ ਭਰਦੀ ਹੈ ।
ਇੱਧਰ ਉਸ ਦਾ ਘਰ
ਉਵੇਂ ਹੀ ਸੁੰਨ ਮਸੁੰਨਾ
ਖੰਡਰ ਬਣ ਰਿਹੈ...ਖੰਡਰ ਬਣ ਰਿਹੈ...

o

## ਸਵਾਲ

o ਪ੍ਰੀਤਮ ਬੇਲੀ

ਭ੍ਰਿਸ਼ਟਾਚਾਰ ਦੇ ਏਸ ਦੇਸ਼ ਵਿਚ
ਕੋਈ ਭਰਮ ਦੱਸੋ ਜੀਣ ਦਾ ?
ਹੁੱਜਤਾਂ ਦੀ ਹੋਂਦ ਵਿਚ
ਹਓਕਾ ਤਾਂ ਵੇਖੋ ਹੀਣ ਦਾ !

ਨੌਂ ਸੌ ਚੂਹੇ ਖਾ ਕੇ
ਜਦੋਂ ਬਿੱਲੀਆਂ
ਜਮਹੂਰ ਦੇ ਹੱਜ ਤੇ ਜਾਂਦੀਆਂ ਨੇ,
ਅਸੀਂ ਵੋਟਾਂ ਦੇ ਵਕਤੀ ਹਾਰ ਲੈ
ਹਾਜ਼ਰ ਹੁੰਦੇ ਹਾਂ !

ਅਸੀਂ ਸੁਖਾਲੇ ਭਵਿਖ ਦੇ ਸੁਪਨੇ ਵੇਖਦੇ ਹਾਂ,
ਤੇ ਦੇਸ਼ ਦੇ ਠੇਕੇਦਾਰ
ਰਾਜ ਦਰਬਾਰਾਂ
ਕੁਰਸੀਆਂ ਦੀਆਂ ਬਹਾਰਾਂ,
ਰਿਸ਼ਵਤ ਦੇ ਕਰੋੜਾਂ
ਬਦਨੀਤੀ ਦੇ ਜੋੜਾਂ,
ਲਾਰਿਆਂ ਦੀ ਚੁੱਸਤ-ਚਾਲਾਕੀ
ਹੱਥ-ਕੰਡਿਆਂ ਦੀ ਬਦ-ਇਖ਼ਲਾਕੀ
ਸਰਾਸਰ ਝੂਠ ਦੀ ਬੇਬਾਕੀ
—ਦੇ ਜੋੜ-ਤੋੜ ਸੋਚਦੇ ਹਨ !

ਜਮਹੂਰੀਅਤ ਦੇ ਹਲਵੇ ਵਿਚ
ਸਾਡੇ ਵੋਟ
ਕਿਡੀ ਮਿੱਠੀ ਗਾਜਰ ਹੁੰਦੇ ਹਨ,
ਚੋਣ-ਅਧਿਕਾਰ ਬੇਸ਼ਕ ਸਾਡਾ ਏ
ਪਰ ਚੋਣਵੇਂ ਖਚਰਿਆਂ ਦੇ
ਹਲਵੇ-ਮਾਂਡੇ ਹੁੰਦੇ ਹਨ ।

ਹਰ ਚੋਣ ਤੋਂ ਬਾਅਦ
ਮਹਿੰਗਾਈ ਨੂੰ ਅੱਗ ਲਗਦੀ ਏ,
ਠੰਡੇ ਚੁਲ੍ਹਿਆਂ ਦੀ ਬੁੱਝੀ ਅੱਖ ਵਿਚ ਜੰਮਦੀ
ਯੱਖ਼-ਸਰਦੀ ਏ ।

ਭਰਮਾਂ ਦੀ ਭਾਜੜ
ਰਾਸ਼ਨ ਦੀਆਂ ਦੁਕਾਨਾਂ 'ਤੇ
ਜਾ ਜੁੜਦੀ ਏ,
ਕਾਰਡ ਖ਼ੁੱਸੀ ਨੇ
ਖ਼ਲਕਤ ਨਿਪੁੰਸਕ ਹੋ ਕੇ ਮੁੜਦੀ ਏ ।

ਅੰਨ ਦੀ ਉਡੀਕ ਵਿਚ
ਆਸਾਂ ਦੀਆਂ ਰਾਲਾਂ ਡੋਲ੍ਹਦੇ ਹਾਂ,
ਸਰਕਾਰੀ ਵਾਅਦਿਆਂ ਦੀ
ਸੁਆਹ ਫਰੋਲਦੇ ਹਾਂ,
ਰਾਤੀਂ ਸੁਪਨਿਆਂ ਦੇ ਤਨਦੂਰਾਂ ਵਿਚ
ਰੋਟੀਆਂ ਟੋਲਦੇ ਹਾਂ !

ਪਰ ਸਵਾਲ ਇੱਕੋ ਏ—
ਵੋਟ ਇਕ ਪਰਚੀ ਏ ਕਿ ਰੋਟੀ ਦਾ ਰੱਜ ?
ਵੋਟ ਇਕ ਅਧਿਕਾਰ ਏ ਕਿ ਸੁਪਨਿਆਂ ਦਾ ਪੱਜ ?
ਵੋਟਾਂ 'ਚੋਂ ਜੇ ਬੰਬ ਉੱਗ ਪਏ
ਤਾਂ ਕੀ ਕਰੋ ਗੇ ?
ਸਾਨੂੰ ਮਾਰਣ ਦਾ ਸਾਮਾਨ ਤਾਂ ਬੇਸ਼ਕ ਕਰੋਗੇ
ਪਰ—ਆਪ ਹੀ ਮਰੋ ਗੇ !!!

o

# ਬੰਬਈ ਦੇ ਕੱਪੜਾ ਮਜ਼ਦੂਰਾਂ ਦਾ ਇਤਿਹਾਸਕ ਘੋਲ–ਦੂਜੇ ਵਰ੍ਹੇ 'ਚ

ਬੰਬਈ ਦੇ ਕਪੜਾ ਮਜ਼ਦੂਰਾਂ ਦੀ ਹੜਤਾਲ ਨੇ ਦੇਸ਼ ਦੇ ਸਾਰੇ ਸੋਚਣ ਵਾਲਿਆਂ ਦਾ ਧਿਆਨ ਅਪਣੇ ਵਲ ਖਿਚਿਆ ਹੈ, ਇਸ ਹੜਤਾਲ ਬਾਰੇ ਇਕ ਰੀਪੋਰਟ ਅਸੀਂ ਅਪਣੇ ਪਾਠਕਾਂ ਵਾਸਤੇ ਦੇ ਰਹੇ ਹਾਂ, ਜੋ ਬੰਬਈ ਤੋਂ ਸਾਨੂੰ ਸਾਡੇ ਇਕ ਸਹਿਯੋਗੀ ਨੇ ਭੇਜੀ ਹੈ। ਇਸ ਹੜਤਾਲ ਬਾਰੇ ਕੌਮੀ ਪ੍ਰੈਸ ਨੇ, ਜਿਸ ਉਤੇ ਇਜਾਰੇਦਾਰੀ ਕਾਬਿਜ਼ ਹੈ, ਬੜੀਆਂ ਇਕ ਪੱਖੀ ਖਬਰਾਂ ਦਿਤੀਆਂ ਹਨ। ਇਸ ਗਲ ਨੂੰ ਮੁੱਖ ਰਖ ਕੇ ਕੁਝ ਇਨਸਾਫ ਪਸੰਦ ਬੁਧੀਜੀਵਾਂ ਨੇ, ਜਿਨਾਂ ਵਿਚ ਅਖਬਾਰ ਨਵੀਸ, ਆਰਥਕ ਸੋਸ਼ਲ ਅਤੇ ਕਾਨੂੰਨੀ ਮਾਹਿਰ ਸ਼ਾਮਿਲ ਹਨ, ਇਕ ਸੰਸਥਾ ਬਣਾਈ ਹੈ ਜਿਸਦਾ ਨਾਂ ਅਤੇ ਪਤਾ ਇਸ ਤਰ੍ਹਾਂ ਹੈ—

Factsheet Collective, c/o Centre For Education and Documentation,
3 Suleman Chambers, 4 Battery Street, Bombay—400039.

ਇਸ ਸੰਸਥਾ ਨੇ ਅਪਣਾ ਨਿਸ਼ਾਨਾ ਬਣਾਇਆ ਹੈ ਕਿ ਦੇਸ਼ ਵਿਚ ਜਿਹੜੀ ਵੀ ਮਹੱਤਵਪੂਰਣ ਘਟਨਾ ਵਾਪਰਦੀ ਹੈ, ਉਹਦੇ ਬਾਰੇ ਖੋਜ ਕਰਕੇ ਸਹੀ ਤਸਵੀਰ ਵੱਧ ਤੋਂ ਵੱਧ ਲੋਕਾਂ ਨੂੰ ਪੁਚਾਈ ਜਾਏ, ਇਸੇ ਸੰਸਥਾ ਨੇ ਅਪਣੀ Factsheet No I (ਸੱਚਾਈ ਪਤ੍ਰ I) ਬੰਬਈ ਦੀ ਹੜਤਾਲ ਬਾਰੇ ਲਿਖਿਆ ਹੈ। ਇਸ'ਚ ਪੰਜ ਲੇਖਕਾਂ ਦੇ ਲੇਖ ਹਨ, ਜਿਨਾਂ ਦੇ ਨਾਂ ਹਨ :

ਜਾਵੇਦ ਅੰਨਦ—ਦੀ ਡੇਲੀ ਅਖਬਾਰ ਦਾ ਮਜ਼ਦੂਰਾਂ ਦੀ ਖਬਰਾਂ ਬਾਰੇ ਨਾਮਾਨਿਗਾਰ, ਗੁਰਬੀਰ ਸਿੰਘ—ਨੌਜਵਾਨ ਭਾਰਤ ਸਭਾ ਦਾ ਬੰਬਈ ਦੇ ਮਜ਼ਦੂਰਾਂ ਵਿਚ ਕੰਮ ਕਰ ਰਿਹਾ ਨੁਮਾਇੰਦਾ, ਕੁਮਾਰ ਕੇਤਕਾਰ ..ਇਕਨਾਮਿਕ ਟਾਈਮਜ਼, ਪਰਾਫੁਲ ਬਿਦਵਾਈ-ਟਾਈਮਜ਼ ਆਫ ਇੰਡੀਆ, ਅਤੇ ਜੀਨ ਵੀ ਕੁਨਹਾ। ਇਹ ਸਚਾਈ ਪਤ੍ਰ ਇਕ ਇਤਹਾਸਕ ਦੇਸਤਾਵੇਜ਼ ਹੈ, ਜਿਸਨੂੰ ਪਤ੍ਰਕਾਰ ਰਾਜੀਵ ਅਤੇ ਆਇਸ਼ਾ ਨੇ ਸੰਪਾਦਤ ਕੀਤਾ ਹੈ, ਇਸ ਦਸਤਾਵੇਜ਼ ਵਿਚ ਜੋ ਨਿਚੋੜ ਕਢੇ ਗਏ ਹਨ, ਉਹ ਬਹੁਤ ਸਾਰੇ ਇਸ ਹੇਠ ਲਿਖੇ ਲੇਖ ਨਾਲ ਮਿਲਦੇ ਜੁਲਦੇ ਹਨ। ਅਦਾਰਾ ਸਮਤਾ ਆਪਣੇ ਪਾਠਕਾਂ ਨੂੰ ਇਹ ਜਾਣਕਾਰੀ ਦੇਣਦੀ ਖੁਸ਼ੀ ਮਹਿਸੂਸ ਕਰਦਾ ਹੈ ਅਤੇ ਅਪਣੇ ਬੰਬਈ ਦੇ ਸਹਿਯੋਗੀ ਦ ਧੰਨਵਾਦ ਕਰਦਾ ਹੈ—ਸੰਪਾਦਕ

19 ਜਨਵਰੀ 1982 ਦੇ 'ਭਾਰਤ ਬੰਦ' ਤੋਂ ਇੱਕ ਦਿਨ ਪਹਿਲਾਂ 18 ਜਨਵਰੀ 1982 ਨੂੰ ਸ਼ੁਰੂ ਹੋਈ ਬੰਬਈ ਦੇ ਢਾਈ ਲੱਖ ਕਪੜਾ ਮਜ਼ਦੂਰਾਂ ਦੀ ਅਨਿਸ਼ਚਿਤ ਹੜਤਾਲ ਜਦ ਸ਼ੁਰੂ ਹੋਈ ਸੀ ਤਾਂ ਕਿਸੇ ਨੂੰ ਚਿੱਤ-ਚੇਤੇ ਵੀ ਨਹੀਂ ਹੋਣਾ ਕਿ ਇਹ ਹੜਤਾਲ ਹਿੰਦੁਸਤਾਨ ਦੇ ਟਰੇਡ ਯੂਨੀਅਨ ਦੇ ਇਤਿਹਾਸ ਵਿਚ ਨਵੇਂ ਮੀਲ-ਪੱਥਰ ਗੱਡ ਦੇਵੇਗੀ। ਇੰਦਰਾ ਸਰਕਾਰ ਨੇ 1982 ਨੂੰ 'ਉਤਪਾਦਕਤਾ ਵਰ੍ਹਾ' ਐਲਾਨ ਕੇ ਹਿੰਦੁਸਤਾਨੀ ਮਜ਼ਦੂਰ ਜਮਾਤ ਨਾਲ ਜੋ ਕੋੜਾ ਮਜ਼ਾਕ ਕੀਤਾ ਸੀ, ਉਸਦਾ ਢੁੱਕਵਾਂ ਜਵਾਬ ਵੀ ਇਸ ਇਤਿਹਾਸਕ ਹੜਤਾਲ ਨੇ ਦਿੱਤਾ ਹੈ। 'ਉਤਪਾਦਕਤਾ ਵਰ੍ਹੇ' ਵਿਚ ਜਿੰਨਾ ਮਨੁੱਖੀ ਕੰਮ ਦਾ ਨੁਕਸਾਨ ਹੋਇਆ ਹੈ, ਉਨ੍ਹਾਂ ਸ਼ਾਇਦ ਕਿਸੇ ਵੀ ਇਕੱਲੇ ਵਰ੍ਹੇ 'ਚ ਨਹੀਂ ਹੋਇਆ ਹੋਣਾ !

ਬੰਬਈ ਦੀ ਮਜ਼ਦੂਰ ਜਮਾਤ ਦਾ ਇਤਿਹਾਸ ਆਪਣੇ ਮੁੱਢ ਤੋਂ ਹੀ ਸ਼ਾਨਦਾਰ ਰਿਹਾ ਹੈ। 1908 ਵਿਚ ਲੋਕਮਾਨਿਆ ਤਿਲਕ ਦੀ ਗ੍ਰਿਫਤਾਰੀ ਸਮੇਂ ਬੰਬਈ ਦੇ ਮਜ਼ਦੂਰਾਂ ਨੇ 6 ਦਿਨ ਦੀ ਹੜਤਾਲ ਕਰਕੇ ਆਪਣੀ ਸਿਆਸੀ ਸੂਝ ਦੇ ਉੱਚ ਪਾਏ ਦੀ ਹੋਂਦ ਦਾ ਸਬੂਤ ਦਿੱਤਾ ਸੀ। ਸਿਆਸੀ ਤੇ ਜਮਹੂਰੀ ਮੰਗਾਂ ਲਈ ਲੜਨ ਦਾ ਬੰਬਈ ਦੀ ਮਜ਼ਦੂਰ ਜਮਾਤ ਦਾ ਸ਼ਾਨਦਾਰ ਇਤਿਹਾਸ ਹੈ। ਭਾਵੇਂ ਕਿ ਆਰਥਕਵਾਦ ਦੀ ਜਿੱਲਣ ਨੇ ਇਸਦੇ ਜਲੌ ਨੂੰ ਮੱਠਾ ਪਾਇਆ ਹੈ। ਪਰ ਫਿਰ ਵੀ 1946 ਵਿਚ ਨੇਸੇਨਾ ਬਗਾਵਤ ਸਮੇਂ ਮਜ਼ਦੂਰਾਂ ਨੇ ਹੜਤਾਲ ਕਰਕੇ ਤੇ ਜਾਨਾਂ ਵਾਰ ਕੇ ਆਪਣੀ ਦੇਸ਼ਭਗਤੀ ਦਾ ਸਬੂਤ ਦਿੱਤਾ। ਮਹਾਂਰਾਸ਼ਟਰ ਰਾਜ ਬਣਾਉਣ ਦੀ ਲਹਿਰ ਵਿਚ ਵੀ ਇਥੋਂ ਦੀ ਮਜ਼ਦੂਰ ਜਮਾਤ ਨੇ 100 ਤੋਂ ਵੱਧ ਜਾਨਾਂ ਵਾਰੀਆਂ। 1982 ਦੀ ਕੱਪੜਾ ਮਿਲਾਂ ਦੇ ਮਜ਼ਦੂਰਾਂ ਦੀ ਹੜਤਾਲਾਂ ਵੀ ਇਸੇ ਸ਼ਾਨਦਾਰ ਪਰੰਪਰਾ ਦਾ ਹਿੱਸਾ ਹੈ। ਇਸ ਹੜਤਾਲ ਦਾ ਸਭ ਤੋਂ ਅਹਿਮ ਪੱਖ ਇਹ ਹੈ ਕਿ ਇਹ ਹੜਤਾਲ ਆਰਥਕ ਮੰਗਾਂ ਲਈ ਦੋਇਮ ਹੈ ਤੇ ਸਿਆਸੀ ਜਮਹੂਰੀ ਮੰਗਾਂ ਪਹਿਲ ਪ੍ਰਿਥਮ ਦਰਜਾ ਰੱਖਦੀਆਂ ਹਨ।

**ਹੜਤਾਲ ਦਾ ਪਿਛੋਕੜ**—ਮਜ਼ਦੂਰਾਂ ਦੀ ਇਸ ਇਤਿਹਾਸਕ ਹੜਤਾਲ ਦੇ ਪਿਛੋਕੜ ਵਿਚ ਬੰਬਈ ਇੰਡਸਟਰੀਅਲ ਰੀਲੇਸ਼ਨਜ਼ ਐਕਟ (ਬੀ. ਆਈ, ਆਰ.) ਦੀ ਮਜ਼ਦੂਰ ਵਿਰੋਧੀ ਤਾਨਾਸ਼ਾਹੀ ਦਾ 36 ਵਰ੍ਹਿਆਂ ਦਾ ਇਤਿਹਾਸ ਹੈ। ਇਹ ਐਕਟ 1937 ਦੀ ਕਾਂਗਰਸੀ ਸਰਕਾਰ ਨੇ ਮਿਲ-ਮਾਲਕਾਂ ਦੇ ਕਹਿਣ ਤੇ ਪਾਸ ਕੀਤਾ ਸੀ। 1928 ਵਿਚ ਉਸ ਸਮੇਂ ਦੀ ਕਮਿਊਨਿਸਟ ਪਾਰਟੀ ਦੀ ਅਗਵਾਈ 'ਚ ਕਪੜਾ ਮਜ਼ਦੂਰਾਂ ਨੇ 6 ਮਹੀਨੇ ਦੀ ਸ਼ਾਨਦਾਰ ਇਤਿਹਾਸਕ ਹੜਤਾਲ ਕੀਤੀ ਸੀ। ਉਦੋਂ ਦੀ ਹੜਤਾਲ ਦੇ ਆਗੂ 1934 ਦੇ 'ਮੇਰਠ ਸਾਜ਼ਸ਼ ਕੇਸ' ਵਿਚ

ਫਸਾਏ ਗਏ ਸਨ। ਮਿਲ ਮਾਲਕ 'ਲਾਲ ਝੰਡੇ' ਵਾਲਿਆਂ ਦੀ ਯੂਨੀਅਨ ਤੋਂ ਤ੍ਰਹਿੰਦੇ ਸਨ ਤੇ ਚਾਹੁੰਦੇ ਸਨ ਕਿ ਮਜ਼ਦੂਰਾਂ ਦੀ ਅਗਵਾਈ ਕਿਸੇ ਨਾ ਕਿਸੇ ਤਰ੍ਹਾਂ ਰਾਸ਼ਟਰੀ ਕਾਂਗਰਸ ਪਾਰਟੀ ਦੇ ਹੱਥ ਰਹੇ, ਜਿਸ ਨਾਲ ਉਨ੍ਹਾਂ ਦੇ ਸੁਖਾਵੇਂ ਸੰਬੰਧ ਸਨ। (ਰਾਸ਼ਟਰੀ ਕਾਂਗਰਸ ਮੁਲਕ ਦੀ ਸਧਾਰਣ ਮਿਹਨਤਕਸ਼ ਜਨਤਾ ਦੇ ਹਿਤਾਂ ਦੀ ਕਿੰਨੀ ਕੁ ਰਖਵਾਲੀ ਸੀ, ਇਹ ਉਸਦੇ 1947 ਤੋਂ ਪਹਿਲਾਂ ਦੇ ਮਿਲ-ਮਾਲਕਾਂ ਨਾਲ ਸੰਬੰਧਾਂ ਤੋਂ ਵੀ ਭਲੀ ਭਾਂਤ ਪਤਾ ਚਲਦਾ ਹੈ) ਅਖੀਰ 1947 ਦੀ ਤਾਕਤ-ਬਦਲੀ ਤੋਂ ਇਕ ਵਰ੍ਹਾ ਪਹਿਲਾਂ ਯਾਨੀ 1946 ਵਿਚ ਇਹ ਕਾਨੂੰਨ ਲਾਗੂ ਕੀਤਾ ਗਿਆ ਅਤੇ ਲਾਗੂ ਹੋਣ ਸਾਰ ਏਟਕ ਨਾਲੋਂ ਟੁੱਟ ਕੇ ਬਣੀ 'ਰਾਸ਼ਟਰੀ ਮਿਲ ਮਜ਼ਦੂਰ ਸੰਘ' (RMMS) ਜੋ ਕਿ ਕਾਂਗਰਸ ਪਾਰਟੀ ਦੀ ਜੇਬੀ ਯੂਨੀਅਨ ਸੀ, ਨੂੰ ਕਪੜਾ ਮਿਲਾਂ ਦੇ ਖੇਤਰ ਵਿਚ ਮਾਣਤਾ ਪ੍ਰਾਪਤ ਯੂਨੀਅਨ ਦਾ ਦਰਜਾ ਦਿੱਤਾ ਗਿਆਂ। ਉਦੋਂ ਤੋਂ ਲੈਕੇ ਹੁਣ ਤੱਕ ਇਹੋ ਸੰਘ ਕੱਪੜਾ ਮਜ਼ਦੂਰਾਂ ਦੀ ਮਾਲਕਾਂ ਨਾਲ ਗੱਲਬਾਤ ਲਈ ਨੁਮਾਇੰਦਗੀ ਕਰਦਾ ਹੈ ਤੇ ਜਿੰਨੀ ਨਫ਼ਰਤ ਹੜਤਾਲੀ ਮਜ਼ਦੂਰਾਂ ਨੂੰ ਰਾਸ਼ਟਰੀ ਮਿਲ ਮਜ਼ਦੂਰ ਸੰਘ ਨਾਲ ਹੈ, ਏਨੀਂ ਸ਼ਾਇਦ ਮਾਲਕਾਂ ਨਾਲ ਵੀ ਨਾ ਹੋਵੇ। ਇਹ ਕਿਵੇਂ ਹੋਇਆ? ਬੀ. ਆਈ. ਆਰ. ਕਾਨੂੰਨ ਅਮਲ ਵਿਚ ਹੈ ਕੀ? ਬੀ. ਆਈ. ਆਰ. ਕਾਨੂੰਨ ਬਸਤੀਵਾਦ ਦੇ ਵੇਲੇ ਦਾ ਚਲਿਆ ਆ ਰਿਹਾ ਬੇਹੱਦ ਸ਼ੈਤਾਨੀ ਭਰਿਆ ਕਾਨੂੰਨ ਹੈ, ਇਸਦੇ ਅਨੁਸਾਰ—ਕੱਪੜਾ, ਬਿਜਲੀ, ਆਵਾਜਾਈ ਤੇ ਖੰਡ—ਏਨ੍ਹਾਂ ਸੈਕਟਰਾਂ ਵਿਚ ਮਜ਼ਦੂਰਾਂ ਦੀ ਇਕ ਯੂਨੀਅਨ, ਉਨ੍ਹਾਂ ਦੀ ਗੱਲਬਾਤ ਲਈ ਨੁਮਾਇੰਦਗੀ ਕਰੇਗੀ ਤੇ ਉਸ ਯੂਨੀਅਨ ਰਾਹੀਂ ਕੀਤੇ ਸਮਝੌਤੇ ਮਜ਼ਦੂਰਾਂ ਨੂੰ ਲਾਜ਼ਮੀ ਮੰਨਣੇ ਪੈਣਗੇ। ਯੂਨੀਅਨ ਦੀ ਮਾਣਤਾ ਲਈ, ਯੂਨੀਅਨ ਦੀ ਘੱਟੋਘੱਟ 30% ਮੈਂਬਰਸ਼ਿਪ ਹੋਣੀ ਚਾਹੀਦੀ ਹੈ, ਪਰ ਮੈਂਬਰਸ਼ਿਪ ਦਾ ਫੈਸਲਾ ਗੁਪਤ ਪਰਚੀ ਰਾਹੀਂ ਨਾ ਕਰਕੇ, ਯੂਨੀਅਨ ਰਾਹੀਂ ਕੱਟੀਆਂ ਰਸੀਦਾਂ ਦੇ ਅਧਾਰ ਤੇ ਕੀਤਾ ਜਾਵੇਗਾ। ਕਿਸੇ ਹੋਰ ਯੂਨੀਅਨ ਰਾਹੀਂ ਕੀਤੀ ਹੜਤਾਲ 'ਗੈਰ ਕਾਨੂੰਨੀ' ਮੰਨੀ ਜਾਵੇਗੀ। ਬੀ: ਆਈ: ਆਰ: ਐਕਟ ਦੇ ਏਨ੍ਹਾਂ ਨਿਯਮਾਂ ਅਨੁਸਾਰ 1946 ਤੋਂ ਆਰ: ਐਮ: ਐਮ: ਐਸ: ਮਜ਼ਦੂਰਾਂ ਦੀ ਨੁਮਾਇੰਦਾ ਯੂਨੀਅਨ ਬਣਿਆ ਹੋਇਆ ਹੈ। ਆਰ: ਐਮ: ਐਮ: ਐਸ: ਵਾਲੇ ਤਨਖਾਹ ਵਾਲੇ ਦਿਨ, ਖਜ਼ਾਨਚੀ ਕੋਲ ਬਹਿੰਦੇ ਹਨ ਤੇ ਮਜ਼ਦੂਰਾਂ ਦੀ ਮੈਂਬਰਸ਼ਿਪ ਫੀਸ ਤਨਖਾਹ 'ਚੋਂ ਕੱਟਦੇ ਰਹਿੰਦੇ ਹਨ। 62 ਕੱਪੜਾਂ 'ਚੋਂ ਜ਼ਿਆਦਾਤਰ ਮਿਲਾਂ ਦੇ ਪ੍ਰਬੰਧਕ ਵੀ ਉਨ੍ਹਾਂ ਦੀ ਇਸ ਕੰਮ ਵਿਚ ਸਿੱਧੀ ਮਦਦ ਕਰਦੇ ਹਨ। ਮਜ਼ਦੂਰਾਂ ਤੋਂ ਉਗਾਹੀ ਜ਼ਬਰਦਸਤੀ ਮੈਂਬਰਸ਼ਿਪ ਰਾਹੀਂ, ਉਹ ਉਨ੍ਹਾਂ ਦੇ ਆਪੂੰ ਸਜੇ ਆਗੂ ਬਣ ਬਹਿੰਦੇ ਹਨ ਤੇ ਮਿਲ-ਮਾਲਕ ਤੇ ਸਰਕਾਰ ਉਨ੍ਹਾਂ ਤੋਂ ਸਿਵਾ ਕਿਸੇ ਹੋਰ ਨਾਲ ਗੱਲ ਨਹੀਂ ਕਰਦੇ। ਮਜ਼ਦੂਰਾਂ ਦੀ ਸੇਵਾ ਇਹ 'ਭੱਦਰ ਪੁਰਸ਼' ਕਿਵੇਂ ਕਰਦੇ ਹਨ, ਇਹ ਇਸ ਗੱਲ ਜ਼ਾਹਰ ਹੁੰਦਾ ਹੈ ਕਿ ਅੱਜ ਬੰਬਈ ਦੇ ਕੱਪੜਾ ਮਜ਼ਦੂਰ ਬੰਬਈ ਦੇ ਹੋਰ ਕਾਰਖਾਨਿਆਂ ਤੋਂ ਅੱਧੀ ਤਨਖਾਹ ਤੇ ਕੰਮ ਕਰਦੇ ਹਨ। ਕੱਪੜਾ ਮਜ਼ਦੂਰਾਂ ਦਾ 40% ਹਿੱਸਾ 'ਬਦਲੀ' ਵਰਕਰਾਂ ਦਾ ਹੈ, ਜਿਨ੍ਹਾਂ ਨੂੰ ਮਹੀਨੇ 'ਚ ਮਸਾਂ 20 ਦਿਨ ਕੰਮ ਮਿਲਦਾ ਹੈ ਤੇ ਇਨ੍ਹਾਂ 20 ਦਿਨਾਂ ਲਈ ਵੀ ਉਨ੍ਹਾਂ ਨੂੰ ਆਰ: ਐਮ: ਐਮ: ਐਸ: ਦੇ ਲੋਕਲ ਲੀਡਰਾਂ ਦੇ ਹਾੜੇ ਕੱਢਣੇ ਪੈਂਦੇ ਹਨ, ਉਨ੍ਹਾਂ ਦੀ ਹਥੇਲੀ ਗਰਮ ਕਰਨੀ ਪੈਂਦੀ ਹੈ। ਬੰਬਈ ਦੇ ਕੱਪੜਾ ਮਜ਼ਦੂਰਾਂ ਨੂੰ ਦੂਜਿਆਂ ਕਾਰਖਾਨਿਆਂ ਦੇ ਮਜ਼ਦੂਰਾਂ ਨੂੰ ਮਿਲਣ ਵਾਲੀਆਂ ਸਹੂਲਤਾਂ—ਅਚਾਨਕੀ ਛੁੱਟੀ, ਪ੍ਰਾਵੀਡੈਂਟ ਫੰਡ ਆਦਿ ਵੀ ਨਹੀਂ ਮਿਲਦੇ। 1946 ਤੋਂ ਲੈਕੇ ਮਜ਼ਦੂਰਾਂ ਦੇ ਅਖਾਉਤੀ ਨੁਮਾਇੰਦਿਆਂ ਇੱਕ ਵਾਰ ਦੀ ਹੜਤਾਲ ਨਹੀਂ ਕਰਵਾਈ। ਏਸ ਹਾਲਤ ਵਿਚ ਜਦੋਂ ਆਰ: ਐਮ: ਐਮ: ਆਪਣੇ ਹਕੀਕੀ ਚਿਹਰੇ ਅਰਥਾਤ ਮਿਲ-ਮਾਲਕਾਂ ਦੇ ਏਜੰਟ ਰੂਪ 'ਚ ਮਜ਼ਦੂਰਾਂ ਸਾਹਮਣੇ ਨੰਗੀ ਹੋਵੇ ਤਾਂ ਉਹ ਉਸ ਨਾਲ ਨਫਰਤ ਕਿਵੇਂ ਨਾ ਕਰਣ? ਇਸੇ ਨਫ਼ਰਤ ਸਦਕਾ ਹੀ 17-18 ਅਗਸਤ 1982 ਨੂੰ ਬੰਬਈ ਦੇ ਹੜਤਾਲੀ ਮਜ਼ਦੂਰਾਂ ਨੇ ਪੁਲਸ-ਲਹਿਰ ਸਮੇਂ, ਆਰ: ਐਮ: ਐਮ: ਐਸ: ਦੇ ਪ੍ਰਧਾਨ ਤੇ ਸਕੱਤਰ ਦੇ ਘਰ ਤਹਿਸ਼-ਨਹਿਸ਼ ਕਰ ਦਿੱਤੇ।

ਸਵਾਲ ਪੈਦਾ ਹੁੰਦਾ ਹੈ ਕਿ ਕੀ ਏਨੇਂ ਵਰ੍ਹੇ ਮਜ਼ਦੂਰਾਂ ਨੇ ਆਰ: ਐਮ: ਐਮ: ਐਸ: ਦੀ ਸਰਦਾਰੀ ਨੂੰ ਚੈਲਿੰਜ ਨਹੀਂ ਕੀਤਾ? ਇਕ ਵਾਰ/ਨਹੀਂ, ਅਨੇਕਾਂ ਵਾਰ! ਬੜੇ ਲੰਮੇ ਅਰਸੇ ਤੱਕ ਕੱਪੜਾ ਮਜ਼ਦੂਰਾਂ ਵਿਚ 'ਲਾਲ ਬਾਵਟਾ' (ਲਾਲ ਝੰਡਾ) ਯੂਨੀਅਨ ਦਾ ਅਸਰ ਰਿਹੈ। ਸ੍ਰੀਪਾਦ ਅਮ੍ਰਿਤ ਡਾਂਗੇ ਨੂੰ ਪ੍ਰਸਿੱਧੀ ਬੰਬਈ ਦੇ ਕੱਪੜਾ ਮਜ਼ਦੂਰਾਂ ਨੇ ਹੀ ਦੁਆਈ। 1920 ਦੇ ਏਟਕ ਬਣਨ ਬਾਦ ਉਹ ਏਟਕ ਦੀ ਅਗਵਾਈ 'ਚ ਹੀ ਰਹੇ ਹਨ। 1946 ਵਿਚ ਕਾਂਗਰਸ ਪਾਰਟੀ ਨੇ ਸ਼ਾਤਰਤਾ ਨਾਲ ਆਰ: ਐਮ: ਐਮ: ਐਮ: ਬਣਾ ਕੇ ਤੇ ਬੀ: ਆਈ: ਆਰ ਕਾਨੂੰਨ ਰਾਹੀਂ ਲਾਲ ਝੰਡਾਂ ਯੂਨੀਅਨ ਦਾ ਅਸਰ ਖਤਮ ਕਰਨਾ ਚਾਹਿਆ ਤੇ ਉਨ੍ਹਾਂ ਨੂੰ ਸਫਲਤਾ ਵੀ ਮਿਲੀ। 1950 ਤੋਂ ਬਾਅਦ ਅਨੇਕਾਂ ਵਾਰ ਕਮਿਊਨਿਸਟ ਪਾਰਟੀ ਤੇ ਹੋਰ ਵਿਰੋਧੀ ਪਾਰਟੀਆਂ ਨੇ ਕੱਲਿਆਂ ਕੱਲਿਆਂ ਤੇ ਰਲ ਕੇ ਆਰ: ਐਮ: ਐਮ: ਐਸ: ਦੀ ਨੁਮਾਇੰਦਗੀ ਨੂੰ ਚੈਲਿੰਜ ਕੀਤਾ। ਪਰ ਕਾਨੂੰਨੀ ਸ਼ਿਕੰਜੇ 'ਚ ਕੀਤੇ ਗਏ ਇਹ ਚੈਲਿੰਜ ਹਮੇਸ਼ਾ ਢਹਿ ਢੇਰੀ ਹੁੰਦੇ ਰਹੇ।

1960 ਵਿਆਂ 'ਚ ਇਕ ਵਾਰ ਸਾਰਿਆਂ ਵਿਰੋਧੀ ਦਲਾਂ ਨੇ ਰਲਕੇ 'ਮੁੰਬਈ ਗਿਰਨੀ ਕਾਮਗਾਰ ਯੂਨੀਅਨ' ਬਣਾਈ, ਇੱਕ ਦਿਨ 'ਚ ਹੀ ਉਨ੍ਹਾਂ ਇੱਕ ਲੱਖ ਦੀ ਮੈਂਬਰਸ਼ਿਪ ਵੀ ਕਰ ਲਈ। ਲੇਬਰ ਕਮਿਸ਼ਨਰ ਨੇ ਉਨ੍ਹਾਂ ਦੀ ਦਰਖਾਸਤ ਰੱਦ ਕਰ ਦਿੱਤੀ ਤਾਂ ਹਾਈਕੋਰਟ ਗਏ। ਹਾਈ ਕੋਰਟ ਨੇ ਵੀ ਇੱਕ ਨਿੱਕਾ ਤਕਨੀਕੀ ਨੁਕਤਾ ਫੜ ਕੇ ਉਨ੍ਹਾਂ ਦਾ ਕੇਸ ਰੱਦ ਕਰ ਦਿੱਤਾ ਤੇ ਆਰ: ਐਮ: ਐਮ: ਐਸ: ਦੀ ਸਰਦਾਰੀ ਕਾਇਮ ਰਹੀ। ਕਮਾਲ ਦੀ ਗੱਲ ਇਹ ਹੈ ਕਿ ਵਿਰੋਧੀ ਦਲ ਕੱਪੜਾ ਮਜ਼ਦੂਰਾਂ 'ਚ ਹੜਤਾਲ ਕਰਾਉਂਦੇ ਰਹੇ ਹਨ, ਹੜਤਾਲ ਗ਼ੈਰ-ਕਾਨੂੰਨੀ ਕਰਾਰ ਦਿੱਤੀ ਜਾਂਦੀ ਰਹੀ ਹੈ ਤੇ ਹੜਤਾਲੀ ਮਜ਼ਦੂਰਾਂ ਵਲੋਂ ਸਰਕਾਰੀ ਤੌਰ ਤੇ ਨੁਮਾਇੰਦਗੀ ਪ੍ਰਾਪਤ ਯੂਨੀਅਨ ਆਰ. ਐਮ. ਐਮ. ਐਸ. ਹੀ ਸਮਝੌਤੇ ਤੇ ਦਸਖ਼ਤ ਕਰਦੀ ਰਹੀ ਹੈ। 1947 ਵਿਚ ਡਾਂਗੇ ਨੇ 40 ਦਿਨਾਂ ਦੀ ਹੜਤਾਲ ਕਰਵਾਈ, ਪਰ ਸਮਝੌਤਾ ਆਰ: ਐਮ: ਐਮ: ਐਸ: ਦੇ ਨੁਮਾਇੰਦਿਆਂ ਨੇ ਕੀਤਾ। 1978 ਵਿਚ ਜਦ ਵਿਰੋਧੀ ਦਲਾਂ ਦੀ ਸਰਕਾਰ ਬਣੀ ਤਾਂ ਤੀਹਸਾਲਾਂ ਦੇ ਬੀ. ਆਈ. ਆਰ. ਵਿਰੁੱਧ ਬੋਲਣ ਵਾਲੇ 'ਸ਼ੇਰਾਂ' ਨੂੰ ਸੱਪ ਸੁੰਘ ਗਿਆ।

ਏਸ ਦੌਰਾਨ ਬੰਬਈ ਦੇ ਟਰੇਡ ਯੂਨੀਅਨ ਨਕਸ਼ੇ ਤੇ ਇਕ ਨਾਂ ਉਭਰਿਆ—ਡਾ: ਦੱਤਾ ਸਾਮੰਤ। ਇਹ ਸ਼ਖ਼ਸ ਅਰਸੇ ਤੱਕ ਕਾਂਗਰਸ (ਆਈ:) ਦਾ ਮੈਂਬਰ ਰਿਹਾ ਹੈ, ਹੁਣ ਅਜ਼ਾਦ ਐਮ: ਐਲ: ਏ: ਹੈ। ਲੰਮੇ ਸਮੇਂ ਤੋਂ ਗ਼ੈਰ-ਜਥੇਬੰਦ ਤੇ ਕੁਝ ਹੋਰ ਪਾਰਟੀਆਂ ਰਾਹੀਂ ਜਥੇਬੰਦ ਮਜ਼ਦੂਰ ਤਬਕੇ ਨੂੰ ਉਸਨੇ ਆਪਣੇ ਝੰਡੇ ਹੇਠ ਜਥੇਬੰਦ ਕੀਤਾ ਤੇ ਜੁਝਾਰੂ ਹੜਤਾਲਾਂ ਕਰਵਾ ਕੇ ਕਈ ਖੇਤਰਾਂ ਦੇ ਮਜ਼ਦੂਰਾਂ ਨੂੰ 4-5 ਸੌ ਰੁਪੈ ਤੱਕ ਮਾਹਵਾਰੀ ਤਰੱਕੀ ਦੁਆਈ। ਕੱਪੜਾ ਮਜ਼ਦੂਰ, ਜੋ ਬੰਬਈ ਦੀ ਮਜ਼ਦੂਰ ਜਮਾਤ ਦਾ ਸਭ ਤੋਂ ਵੱਡਾ, ਸਭ ਤੋਂ ਪੁਰਾਣਾ ਤੇ ਖਾੜਕੂ ਹਿੱਸਾ ਹੈ ਤੇ ਜੋ ਪਿਛਲੇ ਕਿੰਨੇ ਹੀ ਵਰ੍ਹਿਆਂ ਤੋਂ ਆਰ: ਐਮ: ਐਮ: ਐਸ: ਤੇ ਮਾਲਕਾਂ ਦੀ ਮਾਲਕਾਂ ਦੀ ਮਿਲੀ-ਭੁਗਤ ਤੋਂ ਸਿਰੇ ਦਾ ਅੱਕਿਆ ਤੇ 'ਲਾਲ ਬਾਵਟੇ' ਵਾਲੇ ਵੀ ਜਿਸਦੇ ਦੁਖਾਂ ਤੇ ਗੁੱਸੇ ਨੂੰ ਜਥੇਬੰਦਕ ਲੜੀ 'ਚ ਨਹੀਂ ਪਿਰੋ ਸਕੇ—ਡਾ: ਦੱਤਾ ਸਾਮੰਤ ਵੱਲ ਹੋ ਤੁਰਿਆ। ਉਨ੍ਹਾਂ ਨੂੰ ਲੱਗਿਆ ਕਿ ਇਹ ਇਕ ਸ਼ਖ਼ਸ ਉਨ੍ਹਾਂ ਨੂੰ ਧੋਖਾ ਨਹੀਂ ਦੇਵੇਗਾ, ਅੱਧ-ਵਿਚਕਾਰ ਨਹੀਂ ਡੋਬੇਗਾ ਤੇ ਅਕਤੂਬਰ 1981 ਵਿਚ ਉਨ੍ਹਾਂ ਹਜ਼ਾਰਾਂ ਦੀ ਗਿਣਤੀ ਵਿਚ ਮਾਰਚ ਕਰਕੇ ਦੱਤਾ ਸਾਮੰਤ ਨੂੰ ਉਨ੍ਹਾਂ ਦੀ ਅਗਵਾਈ ਸੰਭਾਲਣ ਨੂੰ ਕਿਹਾ। ਦੱਤਾ ਸਾਮੰਤ ਸ਼ੁਰੂ ਵਿੱਚ ਜੱਕਦਾ ਸੀ ਪਰ ਪਾਰਲੀਮਾਨੀ ਸਿਆਸਤ ਦੇ ਖਿਡਾਰੂ ਨੂੰ ਢਾਈ ਲੱਖ ਮਜ਼ਦੂਰਾਂ ਦਾ ਸਮਾਜਕ ਅਧਾਰ ਮਿਲਣਾ ਖਿੱਚਪਾਊ ਵੀ ਲਗਦਾ ਸੀ। ਨਵੰਬਰ 1981 ਵਿਚ 'ਮਹਾਰਾਸ਼ਟਰ ਗਿਰਨੀ ਕਾਮਗਾਰ ਯੂਨੀਅਨ' (ਐਮ. ਜੀ. ਕੇ. ਯੂ.) ਦੀ ਨੀਂਹ ਰੱਖੀ ਗਈ। ਸੱਤ ਕਾਰਖਾਨਿਆਂ ਦੇ ਮਜ਼ਦੂਰ ਅਕਤੂਬਰ 1981 ਤੋਂ ਹੀ ਵੱਧ ਬੋਨਸ ਦੀ ਮੰਗ ਨੂੰ ਲੈਕੇ ਅਨਿਸ਼ਚਿਤ ਹੜਤਾਲ ਤੇ ਸਨ ਤੇ ਦਿਸੰਬਰ ਵਿਚ ਇਕ ਦਿਨ ਦੀ ਟੋਕਨ ਹੜਤਾਲ ਤੋਂ ਬਾਦ ਬਾਕੀ ਮਿਲਾਂ ਦੇ ਮਜ਼ਦੂਰ ਵੀ 18 ਜਨਵਰੀ 1982 ਤੋਂ ਅਨਿਸ਼ਚਿਤ ਹੜਤਾਲ ਤੇ ਚਲੇ ਗਏ। ਹੜਤਾਲ ਸ਼ੁਰੂ ਹੋਣ ਸਮੇਂ ਸਾਰੀਆਂ ਧਿਰਾਂ ਦੇ ਆਪਣੇ ਆਪਣੇ ਪੱਖ ਤੋਂ ਵੱਖ ਵੱਖ ਅੰਦਾਜ਼ੇ ਸਨ। ਇਕ ਗੱਲ ਜ਼ਾਹਰ ਸੀ ਕਿ ਮਜ਼ਦੂਰ ਲੰਮੀ ਲੜਾਈ ਲੜਣ ਨੂੰ ਤਿਆਰ ਸਨ। ਮਿਲ-ਮਾਲਕ ਕੁਝ ਸਮੇਂ ਦੀ ਹੜਤਾਲ ਸ਼ਾਇਦ ਆਪ ਵੀ ਚਾਹੁੰਦੇ ਸਨ—ਕਈ ਕਾਰਣਾਂ ਕਰਕੇ—ਕੁਝ ਹੱਦ ਤੱਕ ਕੱਪੜਾ ਮਾਰਕੀਟ ਵਿਚ ਮੰਦੀ ਹੋਣ ਕਰਕੇ, ਕੱਪੜੇ ਦੇ ਵਾਧੂ ਸਟਾਕ ਖਤਮ ਕਰਨ ਲਈ! ਕੁਝ ਇਸ ਲਈ ਵੀ ਮਜ਼ਦੂਰ ਦੱਤਾ ਸਾਮੰਤ ਤੋਂ ਮੂੰਹ ਮੋੜ ਲੈਣ, ਜਾਂ ਦੱਤਾ ਸਾਮੰਤ ਉਨ੍ਹਾਂ ਦੇ ਹੱਥੀਂ ਖੇਡਣ ਨੂੰ ਤਿਆਰ ਹੋ ਜਾਵੇਂ। ਕਾਂਗਰਸ ਪਾਰਟੀ ਦੀ ਅੰਦਰੂਨੀ ਖਹਿਬਾਜ਼ੀ ਵੀ ਹੜਤਾਲ ਨੂੰ ਆਪਣੇ ਲਈ ਵਰਤਣਾ ਚਾਹੁੰਦੀ ਸੀ—ਅੰਤੁਲੇ ਤੇ ਦੱਤਾ ਸਾਮੰਤ ਵਿਚਕਾਰ ਚੰਗੇ ਸੰਬੰਧ ਰਹੇ ਹਨ। ਪਰ ਹੜਤਾਲ ਦੀ ਖਾਸੀਅਤ ਇਹ ਸੀ ਕਿ ਭਾਵੇਂ ਅਗਵਾਈ ਦੱਤਾ ਸਾਮੰਤ ਦੀ ਸੀ—ਹੜਤਾਲ ਨੂੰ ਜਾਰੀ ਰੱਖਣ ਵਾਲੀ ਮੁੱਖ ਗੱਲ ਮਜ਼ਦੂਰਾਂ ਦੀ ਆਰ. ਐਮ: ਐਮ: ਐਸ: ਨਾਲ ਨਫ਼ਰਤ, ਆਪਣੀਆਂ ਸਿਰੇ ਦੀਆਂ ਦੁੱਖਦਾਈ ਹਾਲਤਾਂ ਤੋਂ ਰਾਹਤ ਆਉਣ ਦੀ ਤਾਂਘ ਤੇ ਸਭ ਤੋਂ ਵੱਧ ਉਨ੍ਹਾਂ ਦੀ ਆਪਣੀ ਜਥੇਬੰਦਕ ਯੋਗਤਾ ਸੀ। ਸਾਰੀਆਂ ਮਿਲਾਂ ਤੇ ਰਿਹਾਇਸ਼ੀ ਇਲਾਕਿਆਂ ਵਿਚ ਮਿਲ ਕਮੇਟੀਆਂ ਬਣੀਆਂ ਹੋਈਆਂ ਸਨ। ਸਰਕਾਰ ਨੇ ਹੜਤਾਲ ਸ਼ੁਰੂ ਹੋਣ ਵੇਲੇ ਤੋਂ ਲੈਕੇ ਹੁਣ ਤੱਕ ਮਾਲਕਾਂ ਤੇ ਆਰ ਐਮ: ਐਮ: ਐਸ: ਦਾ ਨੰਗਾ-ਚਿੱਟਾ ਪੱਖ ਲਿਆ ਤੇ ਮਜ਼ਦੂਰਾਂ ਤੇ ਜ਼ੁਲਮ ਦੇ ਕਹਿਰ ਢਾ ਦਿੱਤੇ। ਗ੍ਰਿਫ਼ਤਾਰੀਆਂ ਤੇ ਕੁੱਟ-ਮਾਰ ਤਾਂ ਪੁਲਸ ਦਾ ਹੜਤਾਲੀ ਮਜ਼ਦੂਰਾਂ ਨਾਲ ਸਧਾਰਣ ਵਰਤਾਰਾ ਸੀ। ਪਰ ਅਗਸਤ 1982 'ਚ ਪੁਲਸ ਐਜੀਟੇਸ਼ਨ ਤੋਂ ਬਾਦ ਪੁਲਸ ਤਸ਼ੱਦਦ ਹੱਦੋਂ ਵਧਿਆ ਹੋਇਐ। ਦੱਤਾ ਸਾਮੰਤ ਦੇ ਕਰੀਬ ਸਾਰੇ ਅਖਬਾਰ ਵਿਰੋਧੀ ਹਨ—'ਇੰਡੀਅਨ ਐਕਸਪ੍ਰੈਸ' ਖਾਸ ਕਰਕੇ। ਪਰ ਏਨਾਂ ਸਾਰੇ ਹੜਤਾਲ ਦੇ ਵਿਰੋਧੀ ਅਖਬਾਰਾਂ ਨੇ ਵੀ ਮਜ਼ਦੂਰਾਂ ਤੇ ਜ਼ੁਲਮ ਦੀਆਂ ਅਨੇਕਾਂ ਕਹਾਣੀਆਂ ਛਾਪੀਆਂ ਹਨ। ਕਿਵੇਂ ਮਜ਼ਦੂਰਾਂ ਨੂੰ ਥਾਣੇ ਲਿਜਾ ਕੇ ਨੰਗਿਆਂ ਬਰਫਾਂ ਦੀਆਂ ਸਿਲਾਂ ਤੇ ਲਿਟਾਇਆ ਗਿਆ, ਕਿਵੇਂ ਨਕਸਲਬਾੜੀਆਂ ਨੂੰ ਦਿੱਤੇ ਜਾਣ ਵਾਲੇ ਹਰ ਕਿਸਮ ਦੇ ਤਸੀਹੇ ਹੜਤਾਲੀ

ਮਜ਼ਦੂਰਾਂ ਨੂੰ ਵੀ ਦਿੱਤੇ ਗਏ, ਕਿਵੇਂ ਉਨ੍ਹਾਂ ਦੇ ਘਰਾਂ ਵਾਲਿਆਂ ਨੂੰ ਪਰੇਸ਼ਾਨ ਕੀਤਾ ਗਿਆ। ਕਿਵੇਂ ਹਾਲੀਂ ਵੀ ਹੜਤਾਲੀ ਆਗੂ ਆਪਣੇ ਘਰੀਂ ਨਹੀਂ ਜਾ ਸਕਦੇ। ਐਨ. ਐਸ. ਏ. ਦੀ ਖੁਲ੍ਹੀ ਵਰਤੋਂ ਕੀਤੀ ਗਈ। ਹੜ-ਤਾਲ ਦੀ ਪਹਿਲੀ ਵਰ੍ਹੇਗੰਢ ਤੋਂ ਦੋ-ਚਾਰ ਦਿਨ ਪਹਿਲਾਂ ਐਮ. ਜੀ. ਕੇ. ਯੂ. ਦੇ ਉਪਪ੍ਰਧਾਨ-ਦਾਦਾ ਸਾਮੰਤ (ਦੱਤਾ ਸਾਮੰਤ ਦਾ ਵੱਡਾ ਭਰਾ), ਸਕੱਤਰ—ਵਿਦਿਆਬੁਧੇਕਰ, ਟੀ. ਐਸ. ਬੋਰਾਡੇ ਆਦਿ ਆਗੂਆਂ ਨੂੰ ਐਨ. ਐਸ. ਏ. ਅੰਦਰ ਕੈਦ ਕੀਤਾ ਗਿਆ ਹੈ।

ਹੜਤਾਲੀ ਮਜ਼ਦੂਰਾਂ ਦੀ ਸਹਿਣ-ਸ਼ਕਤੀ ਨੇ ਸਮਾਜ ਦੇ ਸਾਰੇ ਤਬਕਿਆਂ ਨੂੰ ਹੀ ਹੈਰਾਨ ਕੀਤਾ ਹੈ। ਇਹ ਸਹੀ ਹੈ ਕਿ ਕਰੀਬ ਇੱਕ ਲੱਖ ਹੜਤਾਲੀ ਮਜ਼ਦੂਰ ਆਪਣੇ ਪਿੰਡਾਂ ਨੂੰ ਮੁੜ ਗਏ ਹਨ ਤੇ ਮਾੜੇ ਮੋਟੇ ਧੰਦੇ ਨਾਲ ਗੁਜ਼ਾਰਾ ਕਰ ਰਹੇ ਹਨ। 60-70 ਹਜ਼ਾਰ ਮਜ਼ਦੂਰ ਬੰਬਈ 'ਚ ਹੀ ਛੋਟਾ ਮੋਟਾ ਧੰਦਾ ਕਰਕੇ—ਕੇਲੇ ਵੇਚ ਕੇ, ਪਾਲਸ਼ ਕਰਕੇ ਆਦਿ ਰਾਹੀਂ ਗੁਜ਼ਾਰਾ ਕਰ ਰਹੇ ਹਨ। ਦੱਤਾ ਸਾਮੰਤ ਦੀਆਂ ਦੂਜੀਆਂ ਯੂਨੀਅਨਾਂ ਤੇ ਹੋਰ ਮੱਧਵਰਗੀ ਤਬਕਿਆਂ ਨੇ ਹੜਤਾਲੀ ਮਜ਼ਦੂਰਾਂ ਦੀ ਕੁੱਝ ਮਾਲੀ ਸਹਾਇਤਾ ਕੀਤੀ ਹੈ, ਪਰ ਫਿਰ ਵੀ ਹਜ਼ਾਰਾਂ ਮਜ਼ਦੂਰਾਂ ਦੀ ਹਾਲਤ ਬਹੁਤ ਖਸਤੀ ਵੀ ਹੋਈ ਹੈ। ਹਜ਼ਾਰਾ ਰੁਪੈ ਦਾ ਕਰਜ਼ ਕਰੀਬ ਹਰ ਮਜ਼ਦੂਰ ਦੇ ਸਿਰ ਤੇ ਚੜ ਗਿਐ, ਕਿੰਨ੍ਹੇ ਘਰਾਂ ਦੇ ਭਾਂਡੇ ਤੱਕ ਵਿਕ ਗਏ ਹਨ, ਇੱਕ-ਦੋ ਮਜ਼ਦੂਰਾਂ ਨੇ ਖੁਦਕਸ਼ੀ ਵੀ ਕੀਤੀ ਹੈ। ਪਰ ਕੁੱਝ ਮਿਲਾਕੇ ਮਜ਼ਦੂਰਾਂ ਨੇ ਕਮਾਲ ਦੀ ਤਾਕਤ ਦਾ ਸਬੂਤ ਦਿੱਤਾ ਹੈ।

ਵਿਰੋਧੀ ਪਾਰਟੀਆਂ ਨੇ ਹੜਤਾਲੀ ਮਜ਼ਦੂਰਾਂ ਦੀ ਜ਼ਬਾਨੀ-ਕਲਾਮੀ ਮਦਦ ਤੋਂ ਵੱਧ ਕੁੱਝ ਨਹੀਂ ਕੀਤਾ। ਦੋਵਾਂ ਕਮਿਊਨਿਸਟ ਪਾਰਟੀਆਂ ਦਾ ਰੋਲ ਵੀ ਪ੍ਰੈਸ ਬਿਆਨਾਂ ਤੋਂ ਬਹੁਤਾ ਅਗਾਂਹ ਨਹੀਂ ਗਿਆ ਹੈ। ਹੜ-ਤਾਲੀ ਮਜ਼ਦੂਰਾਂ ਦੀ ਡੱਟਵੀਂ ਹਿਮਾਇਤ ਅਨੇਕਾਂ ਛੋਟੇ ਛੋਟੇ ਜਮਹੂਰੀ ਗਰੁੱਪਾਂ ਨੇ ਕੀਤੀ ਹੈ—ਏਨ੍ਹਾਂ ਵਿਚ ਲੋਕ-ਸ਼ਾਹੀ ਹੱਕ ਸੰਗਠਨਾ, ਸੀ: ਪੀ: ਡੀ: ਆਰ:, ਨੌਜਵਾਨ ਭਾਰਤ ਸਭਾ, ਵੀ: ਪੀ: ਐਸ:, ਲੋਕਾਧਿਕਾਰ ਚਲਵਲ—ਬੰਬਈ, ਪੀ: ਯੂ: ਡੀ: ਆਰ: ਤੇ 'ਕਾਮਗਾਰ'—ਦਿੱਲੀ ਆਦਿ ਮੁੱਖ ਹਨ।

ਹੜਤਾਲ ਦੀ ਪਹਿਲੀ ਵਰ੍ਹੇ ਗੰਢ ਤੇ ਸ਼ਿਵਾਜੀ ਪਾਰਕ—ਦਾਦਰ ਵਿਚ ਹਜ਼ਾਰਾਂ ਮਜ਼ਦੂਰਾਂ ਦੀ ਵਿਸ਼ਾਲ ਰੈਲੀ ਹੋਈ। ਇਹ ਦਿਨ 'ਕਾਲੇ ਦਿਨ' ਵਜੋਂ ਮਨਾਇਆ ਗਿਆ। ਸਾਰੇ ਬੰਬਈ 'ਚ ਅਗਸਤ 1942 ਤੋਂ ਦਫਾ 144 ਲੱਗੀ ਹੋਈ ਹੈ, ਮਜ਼ਦੂਰਾਂ ਨੂੰ ਕਿਤੇ ਵੀ ਇਕੱਠਾ ਨਹੀਂ ਹੋਣ ਦਿੱਤਾ ਜਾਂਦਾ। ਇਸ ਦਿਨ ਰੈਲੀ ਦੇ ਰਾਹ 'ਚ ਵੀ ਰੁਕਾਵਟਾਂ ਪਾਈਆਂ ਗਈਆਂ। ਬਾਵਜੂਦ ਇਸਦੇ ਹਜ਼ਾਰਾਂ ਮਜ਼ਦੂਰ ਰੈਲੀ 'ਚ ਸ਼ਾਮਲ ਹੋਏ। ਰੈਲੀ 'ਚ ਦੱਤਾ ਸਾਮੰਤ ਨੇ ਐਲਾਨ ਕੀਤਾ ਕਿ ਮਜ਼ਦੂਰਾਂ ਦੀ ਹੜਤਾਲ ਬੀ: ਆਈ: ਆਰ: ਦੇ ਖਾਤਮੇ ਤੱਕ ਜਾਰੀ ਰਹੇਗੀ। 26 ਜਨਵਰੀ ਨੂੰ ਮਜ਼ਦੂਰ ਸਭ ਜਗ੍ਹਾ ਕਾਲੇ ਝੰਡੇ ਲਹਿਰਾ ਕੇ 'ਕਾਲਾ ਦਿਨ' ਮਨਾਉਣਗੇ।

ਮਿਲ-ਮਾਲਕਾਂ ਦੀ ਭਾਵੇਂ ਆਕੜ ਤਾਂ ਕਾਫੀ ਭੰਨੀ ਗਈ ਹੈ, ਕਰੀਬ 1200 ਕਰੋੜ ਰੁਪੈ ਦੇ ਉਤਪਾਦਨ ਦਾ ਨੁਕਸਾਨ ਉਹ ਕਰਵਾ ਚੁੱਕੇ ਹਨ, ਪਰ ਫਿਰ ਵੀ ਉਹ ਮਜ਼ਦੂਰਾਂ ਨੂੰ ਪੂਰੀ ਤਰ੍ਹਾਂ ਕੁਚਲਣਾ ਚਾਹੁੰਦੇ ਹਨ। ਢਾਈ ਲੱਖ 'ਚੋਂ ਪੰਜਾਹ ਕੁ ਹਜ਼ਾਰ ਮਜ਼ਦੂਰ ਕੰਮ ਤੇ ਮੁੜ ਵੀ ਆਏ ਹਨ। ਮਿਲ-ਮਾਲਕਾਂ ਨੂੰ ਨਾ ਸਿਰਫ਼ ਮਹਾਰਾਸ਼ਟਰ ਸਰਕਾਰ, ਸਗੋਂ ਇੰਦਰਾ ਗਾਂਧੀ ਦੀ ਵੀ ਸਿੱਧੇ ਸ਼ਹਿ ਹੈ, ਜਿਸਨੇ ਅੰਤਰਰਾਸ਼ਟਰੀ ਮੁਦਰਾ ਕੋਸ਼ ਤੋਂ 5 ਹਜ਼ਾਰ ਕਰੋੜ ਰੁਪੈ ਇਸੇ ਸ਼ਰਤ ਤੇ ਲਏ ਹਨ ਕਿ ਉਹ 'ਹੜਤਾਲਾਂ ਨਹੀਂ ਹੋਣ ਦੇਵੇਗੀ' ਇੰਦਰਾ ਗਾਂਧੀ ਨੂੰ ਹਿੰਦੀ ਫ਼ਿਲਮਾਂ ਦੇ ਮਾਰ ਧਾੜ ਕਰਨ ਵਾਲੇ ਹੀਰੋ ਨੂੰ ਦੇਖਣ ਦਾ ਤਾਂ ਵਕਤ ਸੀ, ਪਰ ਢਾਈ ਲੱਖ ਮਜ਼ਦੂਰਾਂ ਦੀ ਹਾਲਤ ਵੇਖਣ ਲਈ ਉਸ ਕੋਲ ਜ਼ਰਾਂ ਵੀ ਸਮਾਂ ਨਹੀਂ, ਭਾਵੇਂ ਕਿ ਉਸਦੇ 'ਗਰੀਬੀ ਹਟਾਓ' ਤੋਂ 'ਵੀਹ ਨੁਕਾਤੀ' ਤੱਕ ਸਾਰੇ ਨਾਰੇ ਮਿਹਨਤਕਸ਼ਾਂ ਲਈ ਹਮਦਰਦੀ ਦੇ ਮਗਰਮੱਛੀ ਹੰਝੂ ਵਗਾਉਂਦੇ ਹਨ।

ਬੰਬਈ ਦੇ ਮਜ਼ਦੂਰਾਂ ਦੀ ਇਹ ਇਤਿਹਾਸਕ ਹੜਤਾਲ ਵਕਤੀ ਤੌਰ ਤੇ ਭਾਵੇਂ ਹਾਰ ਜਾਵੇ (ਜਿੱਤਣ ਦੇ ਮੌਕੇ ਵੀ ਘੱਟ ਨਹੀਂ ਹਨ) ਪਰ ਏਸਨੇ ਕੁੱਝ ਹਕੀਕਤਾਂ ਸਾਹਮਣੇ ਲਿਆਂਦੀਆਂ ਹਨ, ਜਿੰਨ੍ਹਾਂ ਤੋਂ ਮਜ਼ਦੂਰ ਜਮਾਤ ਦੇ ਨੁਮਾਇੰਦਿਆਂ ਤੇ ਹਿਤੂਆਂ ਨੂੰ ਜ਼ਰੂਰ ਚੰਗੀ ਤਰ੍ਹਾਂ ਵਿਚਾਰ ਕਰਣਾ ਚਾਹੀਦਾ ਹੈ—

(1) ਏਸ ਹੜਤਾਲ ਨੇ ਮਜ਼ਦੂਰ ਜਮਾਤ ਦੇ ਦੋਸਤਾਂ ਤੇ ਦੁਸ਼ਮਣਾਂ ਦੇ ਚਿਹਰੇ ਇਕ ਵਾਰ ਫੇਰ ਚੰਗੀ ਤਰ੍ਹਾਂ ਉਘਾੜੇ ਹਨ। ਨਾ ਸਿਰਫ਼ ਇੰਦਰਾ ਗਾਂਧੀ, ਜਾਰਜ ਫਰਨਾਂਡੀਜ਼ ਵਰਗੇ ਸੋਸ਼ਲਿਸ਼ਟ ਕਹਾਉਂਦੇ ਦੰਭੀ ਵੀ ਏਸ ਹੜਤਾਲ ਦੇ ਨੰਗੇ ਚਿੱਟੇ ਵਿਰੋਧੀ ਹੋ ਨਿਬੜੇ ਹਨ।

(2) ਸਮਾਜ ਦੀਆਂ ਤਬਦੀਲੀ ਚਾਹੁੰਦੀਆਂ ਧਿਰਾਂ ਜਿੰਨੀਆਂ ਕਮਜ਼ੋਰ ਤੇ ਫੁੱਟ ਦਾ ਸ਼ਿਕਾਰ ਹਨ, ਇਹ ਵੀ ਇਸ ਹੜਤਾਲ ਦੌਰਾਨ ਉਘੜ ਕੇ ਆਇਆ ਹੈ। ਕੁੱਝ ਮਾਅਰਕਾਬਾਜ਼ ਜੋ ਸੱਤਰਵਿਆਂ 'ਚ ਹੀ ਰਾਜ-ਪਲਟੇ ਦੇ ਸੁਫਨੇ ਲੈ ਰਹੇ ਸਨ, ਨੂੰ ਦੇਖਣਾ ਚਾਹੀਦਾ ਹੈ ਕਿ ਕਿਵੇਂ ਪੂੰਜੀਵਤੀ ਜਮਾਤ ਵੀ ਜਮਾਤੀ ਏਕਤਾ ਰਾਹੀਂ (ਮਿਲ-ਮਾਲਕ ਐਸੋਏਈਸ਼ਨ) ਰਾਹੀਂ ਮਜ਼ਦੂਰ ਜਮਾਤ ਦੀ ਜਮਾਤੀ ਏਕਤਾ ਸਾਹਮਣੇ ਡਟੀ ਹੈ ਤੇ ਕਿਵੇਂ ਨਾ ਸਿਰਫ ਹਿੰਦੁਸਤਾਨੀ ਸਰਕਾਰ ਸਗੋਂ ਬਦੇਸ਼ੀ ਪੂੰਜੀ ਦੀ

ਵੀ ਉਨ੍ਹਾਂ ਨੂੰ ਤਕੜੀ ਸ਼ਹਿ ਹੈ, ਭਾਵੇਂ ਕਿ ਇਸਦਾ ਅਰਥ ਸੱਤਰਵਿਆਂ ਦੇ 'ਬਗਾਵਤ ਕਰਨਾ-ਹੱਜੀ ਹੈ' ਦੇ ਮਹੱਤਵ ਨੂੰ ਕਿਸੇ ਤਰ੍ਹਾਂ ਘਟਾਉਣਾ ਨਹੀਂ।

(3) ਮਜ਼ਦੂਰ ਜਮਾਤ 'ਚ ਭਾਵੇਂ ਲੜਨ ਦੀ ਅਥਾਹ ਸ਼ਕਤੀ ਹੈ, ਪਰ ਹਾਲੀਂ ਵੀ ਉਸਦੀ ਅਗਵਾਈ ਇਨਕਲਾਬੀ ਤਾਕਤਾਂ ਦੇ ਹੱਥ ਵਿਚ ਨਹੀਂ ਸਗੋਂ ਸੁਧਾਰ ਵਾਦੀ ਆਗੂਆਂ ਹੱਥ ਹੀ ਹੈ। ਦੱਤਾ ਸਾਮੰਤ ਦਾ ਰੋਲ ਇਸ ਹੜਤਾਲ ਵਿਚ ਵਸਤੂਮਤ ਪੱਖੋਂ ਭਾਵੇਂ ਸ਼ਲਾਘਾ ਦਾ ਹੱਕਦਾਰ ਹੈ, ਪਰ ਡਾਂਗੇ ਵਰਗੇ ਸੋਧਵਾਦੀ ਵੀ ਇਹ ਕਹਿੰਦੇ ਹਨ ਕਿ ਏਨੀ ਸ਼ਾਨਦਾਰ ਹੜਤਾਲ ਉਸ ਨੇ ਏਨੇ 'ਠੰਡੇ' ਤਰੀਕੇ ਨਾਲ ਚਲਾਈ ਹੈ ਕਿ ਹੜਤਾਲ ਦਾ ਦਬਾਅ ਜਿੰਨਾ ਹੋ ਸਕਦਾ ਸੀ, ਉਸਨੂੰ ਉਸਨੇ ਘਟਾ ਦਿਤਾ ਹੈ।

ਪੰਜਾਬ ਦੀ ਮਜ਼ਦੂਰ ਜਮਾਤ ਤੇ ਹੋਰ ਜਮਹੂਰੀ ਤਬਕਿਆਂ ਨੂੰ ਇਸ ਇਤਿਹਾਸਕ ਹੜਤਾਲ ਦੀ ਡਟਕੇ ਮਦਦ ਕਰਨੀ ਚਾਹੀਦੀ ਹੈ, ਪਰ ਉਨ੍ਹਾਂ ਦਾ ਰੋਲ ਵੀ ਸ਼ਾਇਦ 'ਬਿਆਨਬਾਜ਼ੀ' ਤੋਂ ਅਗਾਂਹ ਨਹੀਂ ਗਿਆ ਹੈ— ਸ਼ਾਇਦ ਉਨ੍ਹਾਂ ਲਈ ਆਪਣੀਆਂ 'ਢਾਈ' ਇੱਟਾਂ ਨੂੰ 'ਸੱਤਰ' 'ਰੋੜਿਆਂ' 'ਚ ਭੰਨਣਾ ਵੱਧ ਜ਼ਰੂਰੀ ਹੈ।

'ਚਿੰਚਪੋਪਲੀ'

# ਪ੍ਰੋ. ਭਾਰਦਵਾਜ ਦੇ ਲੇਖ ਦੇ ਪ੍ਰਤੀਕਰਮ

## 1. ਮਸਲਾ ਅਧਿਕਾਰਾਂ ਦਾ

ਪ੍ਰੋ ਭਾਰਦਵਾਜ ਦਾ ਭਾਵਨਾ-ਗੁਧਾ 'ਮਸਲਾ ਵਧੇਰੇ ਅਧਿਕਾਰਾਂ ਦਾ' ਪੜ੍ਹ ਕੇ ਤਸੱਲੀ ਹੁੰਦੀ ਹੈ ਕਿ ਇਸ ਮਸਲੇ ਬਾਰੇ ਜੋ ਕੁਝ 'ਪੰਜਾਬੀ ਕੌਮ' ਵਿਚ ਲਿਖਿਆ ਜਾਂਦਾ ਰਿਹਾ ਹੈ ਉਸੇ ਸੋਚਣੀ ਦੇ ਪੱਧਰ ਉਤੇ ਹੁਣ ਅਦਾਰਾ 'ਸਮਤਾ' ਆ ਗਿਆ ਹੈ—ਨਹੀਂ ਤਾਂ ਕੁਝ ਮਹੀਨਿਆਂ ਤੋਂ ਦੋਵਾਂ ਪਰਚਿਆਂ ਦੇ ਧਰਾਤਲ ਦਾ ਇਸ ਮਸਲੇ ਬਾਰੇ ਫਰਕ ਸਪਸ਼ਟ ਪਰਤੀਤ ਹੋ ਰਿਹਾ ਸੀ। ਇਸ ਲੇਖ ਵਿਚ ਪ੍ਰਗਟਾਏ ਗਏ ਵਿਚਾਰ ਮੁਖ ਤੌਰ ਤੇ ਠੀਕ ਹਨ ਤੇ ਪੰਜਾਬ ਦੇ ਮਸਲੇ ਬਾਰੇ ਸਹੀ ਦਿਸ਼ਾ ਵਿਚ ਸੋਚਣ ਵਾਲੇ ਹਰ ਪ੍ਰਕਾਰ ਦੇ ਬੁਧੀਜੀਵੀਆਂ, ਰਾਜਨੀਤੀ-ਵਾਨ ਆਈ. ਕੇ. ਗੁਜਰਾਲ ਤੋਂ ਲੈ ਕੇ ਦਾਨਿਸ਼ਵਰ ਪ੍ਰੋ. ਸੰਤ ਸਿੰਘ ਸੇਖੋਂ ਅਤੇ ਪ੍ਰੋ. ਪ੍ਰੀਤਮ ਸਿੰਘ ਤੱਕ, ਦੇ ਤੌਖਲਿਆਂ, ਨਿਰਣਿਆਂ ਅਤੇ ਸੁਝਾਵਾਂ ਦੇ ਅਨੁਕੂਲ ਹਨ। ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਪ੍ਰੋ. ਪ੍ਰੀਤਮ ਸਿੰਘ ਆਪਣੇ ਇਕ ਤਾਜ਼ਾ ਲੇਖ "ਮੈਨੀਫੈਸਟੋ—ਇਕ ਪੰਜਾਬੀ ਲੇਖਕ ਦਾ" (ਬੁਲੇਟਿਨ 'ਪੰਜਾਬੀ ਲੇਖਕ', ਫਰਵਰੀ 1983) ਵਿਚ ਕਹਿੰਦੇ ਹਨ : "ਜਿਥੇ ਮੈਂ ਕੇਂਦਰ ਨੂੰ ਤਗੜਾ ਦੇਖਣਾ ਚਾਹੁੰਦਾ ਹੈ, ਉਥੇ ਵਖ ਵਖ ਰਾਜਾਂ ਨੂੰ ਏਨਾ ਨਿਹੱਕਾ ਤੇ ਨਿਤਾਣਾ ਵੀ ਨਹੀਂ ਹੋਣ ਦੇਣਾ ਚਾਹੁੰਦਾ ਕਿ ਉਹ ਦਿੱਲੀ ਦੀ ਆਗਿਆ ਤੋਂ ਬਿਨਾਂ ਆਪਣੇ ਪੈਦਾ ਕੀਤੇ ਕੱਚੇ ਮਾਲ ਦੀ ਖਪਤ ਲਈ ਇਕ ਕਾਰਖਾਨੀ ਜਹੀ ਵੀ ਨਾ ਲਾ ਸਕਣ।"...ਹੁਣ ਪੰਜਾਬ ਦੇ ਲੋਕਾਂ ਦਿਆਂ ਮਨਾਂ ਵਿਚ ਇਹ ਇਹਸਾਸ ਘਰ ਕਰਦਾ ਜਾਂਦਾ ਹੈ ਕਿ ਕੇਂਦਰ ਖੁਦ ਪੰਜਾਬ ਦੇ ਹਿੱਤਾਂ ਦੇ ਵਿਰੁਧ ਇਕ ਧੜਾ ਬਣ ਕੇ ਕਦੀ ਕਿਸੇ ਗੁਆਂਢੀ ਨੂੰ ਸ਼ਿਸ਼ਕਾਰਦਾ ਹੈ, ਕਦੀ ਪੰਜਾਬ ਦੇ ਹੀ ਲੋਕਾਂ ਦੇ ਇਕ ਹਿੱਸੇ ਦੀ ਪੂਛ ਨੂੰ ਤੇਲ ਲਾਉਂਦਾ ਤੇ ਰਾਸ਼ਟਰੀ ਪਧਰ ਦੀਆਂ ਪਾਰਟੀਆਂ ਨੂੰ ਗਲਤ ਸੇਧ ਕੇ ਗੁਮਰਾਹ ਕਰਦਾ ਹੈ।"

'ਸਮਤਾ' ਦੇ ਫਰਵਰੀ ਅੰਕ ਦਾ ਸੰਪਾਦਕੀ ਵੀ ਕਮਿਊਨਿਸਟਾਂ ਦੀ "ਨਾਲਾਇਕ ਲੀਡਰਸ਼ਿਪ" ਬਾਰੇ ਮਾਰਕਸਵਾਦੀਆਂ ਅਤੇ ਪ੍ਰਗਤੀਵਾਦੀਆਂ ਨੂੰ ਠੀਕ ਤੌਰ ਤੇ ਸੁਚੇਤ ਕਰਦਾ ਹੈ। ਕਿਡੇ ਸਿਤਮ ਦੀ ਗੱਲ ਹੈ ਕਿ ਜਿੰਨ੍ਹਾਂ ਆਰਥਕ ਮੰਗਾਂ, ਭਾਸ਼ਾਈ ਪੁਨਰ-ਗਠਨ ਤੇ ਰਾਜਾਂ ਵਧੇਰੇ ਅਧਿਕਾਰਾਂ ਦੇ ਅਲਮ-ਬਰਦਾਰ ਕਮਿਊਨਿਸਟਾਂ ਨੂੰ ਹੋਣਾ ਚਾਹੀਦਾ ਸੀ ਉਸ ਦੇ ਆਗੂ ਤੇ ਅੰਦੋਲਨਕਾਰੀ 'ਫਿਰਕੂ' ਪਾਰਟੀ ਵਾਲੇ ਬਣੇ ਬੈਠੇ ਹਨ। ਨਤੀਜਾ ਵੀ ਸਾਹਮਣੇ ਹੈ ਕਿ ਦਿੱਲੀ ਦੀਆਂ ਨਾਗਰਿਕ ਚੋਣਾਂ ਵਿਚ ਇਹਨਾਂ ਦੇ 'ਸਾਂਝੇ ਮੋਰਚੇ' ਦਾ ਕੀ ਹਸ਼ਰ ਹੋਇਆ। ਇਹਨਾਂ ਦੀ ਅਗਵਾਈ ਵਿਚ ਛੇ ਸੱਤ ਪਾਰਟੀਆਂ ਵਲੋਂ ਖੜੇ ਹੋਏ ਉਮੀਦਵਾਰਾਂ ਵਿਚੋਂ ਸ਼ਾਇਦ ਹੀ ਕੋਈ ਆਪਣੀ ਜ਼ਮਾਨਤ ਵੀ ਬਚਾ ਸਕਿਆ ਹੋਵੇ। 'ਹਿੰਦ ਸਮਾਚਾਰ' ਜਹੇ ਪਰਚੇ ਵੀ ਇਹਨਾਂ ਨੂੰ ਠਿੱਬੀਆਂ ਦੇਂਦੇ ਹੋਏ ਕਹਿੰਦੇ ਹਨ ਕਿ "ਦਿੱਲੀ ਵਿਚ ਲਖਾਂ ਦੀ ਸੰਖਿਆ ਵਿਚ ਮਜ਼ਦੂਰ ਕਿਰਤੀ, ਗਰੀਬ, ਦਲਿਤ ਤੇ ਸ਼ੋਸ਼ਤ ਲੋਕ ਵੱਸਦੇ ਹਨ ...ਉਹਨਾਂ ਦੀ ਨਜ਼ਰ ਵਿਚ 'ਸਾਂਝੇ ਮੋਰਚੇ' ਦਾ ਕੋਈ ਇਕ ਉਮੀਦਵਾਰ ਵੀ ਨਾ ਜਚਿਆ...ਹੁਣ ਕਮਿਊਨਿਸਟ ਭਰਾ ਮੀਟਿੰਗ ਬੁਲਾਉਣਗੇ, ਕਈ ਦਿਨ ਬਹਿਸ ਚੱਲੇਗੀ, ਆਪਣੀ ਕਮਜ਼ੋਰੀ ਜਾਂ ਨਾਲਾਇਕੀ ਉਤੇ ਪਰਦਾ ਪਾਉਣ ਲਈ ਕੋਈ ਰਾਜਸੀ ਨਿਰਣਾ ਤਿਆਰ ਕੀਤਾ ਜਾਏਗਾ, ਜਿਵੇਂ ਇਹ ਕਿ ਦਿੱਲੀ ਦੀ ਮਹਾਨ ਜਨਤਾ ਨੇ 'ਭਾਰਤੀ ਜਨਤਾ ਪਾਰਟੀ' ਨੂੰ ਠੁਕਰਾ ਕੇ ਆਪਣੀ ਰਾਜਸੀ ਬੇਦਾਰੀ ਤੇ ਪਰੋਲੇਤਾਰੀ ਸੂਝ ਦਾ ਸਬੂਤ ਦਿਤਾ ਹੈ, ਵਗੈਰਾ ਵਗੈਰਾ..."। (ਦੇਖੋ, 'ਹਿੰਦ ਸਮਾਚਾਰ' 10.2.83)

ਮਜ਼ੇ ਦੀ ਗੱਲ ਇਹ ਹੈ ਕਿ 'ਹਿੰਦ ਸਮਾਚਾਰ' ਦੇ ਇਸ ਸੰਪਾਦਕੀ ਦੇ ਹੇਠਾਂ ਹੀ 'ਨਵਾਂ ਜ਼ਮਾਨਾਂ' ਦੇ ਮੁਖ ਸੰਪਾਦਕ ਦਾ ਲੇਖ ਵੀ ਹੈ ਜਿਸ ਵਿਚ ਪੰਜਾਬ ਦੇ ਮਸਲੇ ਦੇ ਬਾਰੇ ਉਹੀ ਓਪਰੇ ਓਪਰੇ ਹਵਾਈ ਫਾਇਰ ਕੀਤੇ ਜਾ ਰਹੇ ਹਨ। ਪਤਾ ਨਹੀਂ ਵਿਧ-ਮਾਤਾ ਨੇ ਇਹ ਮਜ਼ਾਕ ਕਨਿਊਨਿਸਟਾਂ ਨਾਲ ਕੀਤਾ ਹੈ ਜਾਂ ਫਿਰਕਾ-ਪ੍ਰਸਤਾਂ ਨਾਲ ਕਿ 'ਹਿੰਦ ਸਮਾਚਾਰ' ਲਗਾਤਾਰ 'ਨਵਾਂ-ਜ਼ਮਾਨਾ' ਦੇ ਮੁਖ ਸੰਪਾਦਕ ਦੇ ਲੇਖ ਛਾਪ ਕੇ ਭਾਰਤ ਦੇ ਅਵਾਮ ਨੂੰ ਕਿਹੜੇ ਪਾਸੇ ਦੀ ਸੇਧ ਦੇ ਰਿਹਾ ਹੈ—ਪੁਠੀ

Post Office No. P/AR—133
Registered with the Registrar, News Papers, Vide No. MA/12397-D dated 14.8.80

ਜਾਂ ਸਿਧੀ ? ਕੀ ਇਸ ਤੋਂ ਇਹ ਨਤੀਜਾ ਕਢਿਆ ਜਾਵੇ ਕਿ ਪੰਜਾਬ ਦੇ ਮਸਲੇ ਬਾਰੇ 'ਹਿੰਦ ਸਮਾਚਾਰ' ਅਤੇ 'ਨਵਾਂ ਜ਼ਮਾਨਾ' ਦੀ ਸੋਚ ਅਤੇ ਅਪਰੋਚ ਇਕ ਹੋ ਚੁੱਕੀ ਹੈ ? ਸਮਝ ਨਹੀਂ ਆਉਂਦੀ ਕਿ ਮਥੇ ਨੂੰ ਕੰਧ ਵਿਚ ਮਾਰਿਆ ਜਾਵੇ ਜਾਂ ਕੰਧ ਨੂੰ ਹੀ ਮਥੇ ਵਿਚ ਲਿਆ ਮਾਰੀਏ !

**ਮਸਲੇ ਦਾ 'ਹੱਲ' :** ਕਮਿਊਨਿਸਟ ਪਾਰਟੀਆਂ (ਦੋਵਾਂ) ਨੂੰ ਆਪਣੀ ਸਾਖ ਦਾ ਮੁਜ਼ਾਹਰਾ ਕਰਨ ਲਈ ਇਹ ਚਾਹੀਦਾ ਹੈ ਕਿ ਦਿੱਲੀ ਵਿਚ ਇਕ ਲੱਖ ਬੰਦੇ ਦਾ ਜਲੂਸ ਹੁਣ ਫੇਰ ਕਢਣ—ਢੋਲਕੀਆਂ ਤੇ ਛੈਣਿਆਂ ਨਾਲ, 'ਸੰਸਾਰ ਅਮਨ' ਦੇ ਹੱਕ ਵਿਚ, 'ਜੰਗ ਬਾਜ਼ਾਂ' ਅਤੇ 'ਵੱਖ-ਵਾਦੀਆਂ' ਦੇ ਵਿਰੋਧ ਵਿਚ ਅਲਾਪ ਕਰਦੇ ਹੋਏ ।

—ਹਿੰਮਤ ਸਿੰਘ ਸੋਢੀ

2. ਗੁਰਸ਼ਰਨ ਭਾ ਜੀ ਤੁਸੀਂ ਪ੍ਰੋ: ਭਾਰਦਵਾਜ ਦੇ ਆਰਟੀਕਲ ਦਾ ਪੂਰਾ ਪੂਰਾ ਨੋਟਿਸ ਲੈਣ ਲਈ ਸਮਤਾ ਦੇ ਪਾਠਕਾਂ ਨੂੰ ਸੱਦਾ ਦਿਤਾ ਹੈ, ਅੱਛਾ ਉਪਰਾਲਾ ਹੈ । ਦੂਜੇ ਪਾਸੇ ਪ੍ਰੋ: ਸਾਹਿਬ ਦੀ ਵੀ ਡੰਕੇ ਤੇ ਚੋਟ ਹੈ ਕਿ ਉਨ੍ਹਾਂ ਦੇ ਲੇਖ ਦਾ ਪੂਰਾ ਪੂਰਾ ਮੁੱਲ ਪਾਇਆ ਜਾਵੇ । ਨਹੀਂ ਤਾਂ ਪਾਠਕ ਉਨ੍ਹਾਂ ਨਾਲ ਹੀ ਨਹੀਂ ਬਲਕਿ ਅਕਾਲੀ ਦਲ ਦੇ ਸੰਘਰਸ਼ ਨਾਲ ਵੀ ਜ਼ਿਆਦਤੀ ਕਰ ਰਿਹਾ ਹੋਵੇਗਾ ਅਤੇ...

ਕੌਣ ਕਿਸ ਨਾਲ ਜ਼ਿਆਦਤੀ ਕਰ ਰਿਹਾ ਹੈ ਇਹ ਤਾਂ ਇਤਿਹਾਸ ਦਾ ਪਹੀਆਂ ਹੀ ਦੱਸ ਰਿਹਾ ਹੈ । ਸਾਰੇ ਲੇਖ ਦੀ ਬਜਾਏ ਅਸੀਂ ਇਥੇ ਏਸ ਨੂੰ ਤੱਤ ਰੂਪ ਵਿਚ ਹੀ ਨਿਤਾਰਨ ਦੀ ਕੋਸ਼ਿਸ ਕਰਦੇ ਹਾਂ । ਜਿਥੋਂ ਤੱਕ ਅਕਾਲੀ ਦਲ ਦੇ ਖਾੜਕੂ ਘੋਲਾਂ ਦਾ ਸਬੰਧ ਹੈ, ਉਹ ਜਾਂ ਤਾਂ ਪ੍ਰੋ: ਸਾਹਿਬ ਨੂੰ ਸਮਝ ਆ ਸਕਦੇ ਹਨ ਜਾਂ ਫਿਰ ਹਰਕਿਸ਼ਨ ਸੁਰਜੀਤ ਨੂੰ ! ਸਾਡੇ ਲੋਕਾਂ ਦੇ ਪੱਲੇ ਇਹਨਾਂ ਤਾਜਦਾਰ ਘੁਲਾਟੀਆਂ ਨੇ ਕੁਝ ਪਾਇਆ ਹੈ ਤਾਂ ਉਹ ਸਾਨੂੰ ਕਦੇ ਵੀ ਭੁੱਲ ਨਹੀਂ ਸਕਦਾ ।

(1) ਬੇਰੁਜ਼ਗਾਰ ਅਧਿਆਪਕਾਂ ਨੂੰ ਪਟਿਆਲੇ ਜੇਲ੍ਹ ਵਿੱਚ ਜਿਸ ਤਰ੍ਹਾਂ ਖਲਪਾੜਾਂ ਨਾਲ ਪਾੜਿਆ ਗਿਆ ਸੀ ਉਹ ਸ਼ਾਇਦ ਅਜਿਹੀ ਖਾੜਕੂ ਪਾਰਟੀ ਹੀ.. ।

(2) ਬਾਦਲ ਸਾਹਿਬ (ਅਕਾਲੀ) ਜਦ ਵੀ ਕਿਸਾਨਾਂ ਕੋਲ ਗਿਆ ਤਾਂ ਨਰਮੇ ਦਾ ਭਾਅ 1000 ਰੁ: ਗਿਣਦਾ ਹੁੰਦਾ ਸੀ ਪਰ ਮੁੱਖ ਮੰਤਰੀ ਅਤੇ ਸੈਂਟਰ ਸਰਕਾਰ ਦਾ ਹੱਕਦਾਰ ਬਣਕੇ...।

(3)ਤੇ ਓਹ ਸਾਡਾ ਹਰਮਨ ਪਿਆਰਾ ਪ੍ਰਿਥੀਪਾਲ ?

(4) ਸਰਾਏ ਨਾਗਾ ਵਿੱਚ ਨਿਹੰਗਾਂ ਦਾ ਸ਼ਰੇਆਮ ਕਤਲ...।

ਸਭ ਸਾਬਤ ਕਰਦੇ ਹਨ ਕਿ ਇਸ ਗਲੇ ਸੜੇ ਸਮਾਜਿਕ, ਸਭਿਆਚਾਰਕ, ਰਾਜਨੀਤਿਕ ਅਤੇ ਆਰਥਿਕ ਪ੍ਰਬੰਧ ਸਾਹਮਣੇ ਅਕਾਲੀ ਦਲ ਦੀ ਕੀ ਹਸਤੀ ਹੈ ਇਸ ਨੂੰ ਬਦਲੇ ਬਗੈਰ ਕੋਈ ਵੀ ਚਾਹੇ ਉਹ...।

ਦੂਜਾ ਨੁਕਤਾ ਜਿਸ ਉਪਰ ਪ੍ਰੋ ਸਾਹਿਬ ਦਾ ਸਭ ਤੋਂ ਵੱਧ ਜ਼ੋਰ ਲੱਗਾ ਉਹ ਹੈ 'ਅਨੰਦਪੁਰ ਦਾ ਮਤਾ' ਸਭ ਤੋਂ ਵੱਧ ਕੋਝੀ ਹਰਕਤ ਜੋ ਪ੍ਰੋ: ਸਾਹਿਬ ਨੇ ਕੀਤੀ ਉਹ ਇਹ ਹੈ ਕਿ ਇਨ੍ਹਾਂ ਨੂੰ ਏਸ ਵਿੱਚ ਕੋਈ ਇਤਰਾਜ਼ ਯੋਗ ਗੱਲ ਹੀ ਨਹੀਂ ਲੱਗੀ।

"ਸਿੱਖ ਕੌਮ ਦੀ ਚੜ੍ਹਦੀ ਕਲਾ' 'ਪੰਥ ਕੀ ਜੀਤ' 'ਪੰਜਾਬੀ ਕੌਮ ਨਾਲ ਧੱਕਾ' ਇਹ ਤਾਂ ਬਸ ਸਿਰਫ ਸ਼ਬਦ ਹੀ ਹਨ ਉਹ ਵੀ ਹਿੰਦੁਸਤਾਨ ਦੀ ਬੇਹਤਰੀ ਲਈ ?

ਪ੍ਰੋ: ਸਾਹਿਬ ਨੂੰ ਨਹੀਂ ਭੁੱਲਣਾ ਚਾਹੀਦਾ ਕਿ ਇਹ ਉਹ ਜ਼ਹਿਰ ਹੈ ਜਿਸ ਦਾ ਰੰਗ ਤਾਂ ਪ੍ਰੋ: ਸਾਹਿਬ ਨੇ ਸੰਨ ਸੰਤਾਲੀ ਵਿੱਚ ਅੱਖੀਂ ਵੇਖਿਆਂ ਹੀ ਹੋਵੇਗਾ । ਕੀ ਅਜੇਹੇ ਕੈਂਸਰ ਦੀ ਵਕਾਲਤ ਕਰਨਾ ਆਪਣੇ ਆਪ ਨੂੰ ਪੱਥਰ ਯੁੱਗ ਦੇ ਆਦਮੀ ਸਾਬਤ ਕਰਨਾ ਨਹੀਂ ?

ਮਨੁੱਖਤਾ ਦੀ ਖਾਤਰ ਕੁਝ ਕਰ ਗੁਜ਼ਰਨ ਵਾਲੇ ਇਨਸਾਨ ਲਾਲਾ ਹਰਦਿਆਲ ਦੀਆਂ ਕੁੱਝ ਸਤਰਾਂ ਸਮਤਾ ਦੇ ਪਾਠਕਾ ਗੋਚਰੇ ਕਰਨਾ ਚਾਹੁੰਦਾ ਹਾਂ :—

"Mankind is unfortunately split up into many nations 'at present' but it does not follow that th's temporary sectionalism should also invade the domain of history.

You have murdered history, therfore you shall sleep in peace no more. This should be your doom...you shall destroy one another because you have first destroyed history (politics)"

ਪ੍ਰੋ: ਸਾਹਿਬ ਇਤਹਾਸ ਦੇ ਪਹੀਏ ਨਾਲ ਪੰਗਾ ਲੈਣ ਦੀ ਕੋਸ਼ਿਸ਼ ਕਰ ਰਹੇ ਲਗਦੇ ਹਨ । ਵਰਨਾ... ਮਨੁੱਖਤਾ ਦੇ ਦਰਵਾਜ਼ੇ ਉਪਰ ਅਜੇਹੀਆਂ ਕੌਮਾਂ ਦੀ ਖੋਹ ਖਿੰਝ ਲਹੂ ਵਿੱਚ ਘੁੱਲ ਰਹੇ ਪਾਣੀ ਦੀ ਹੀ ਥੋ ਹਨ ।

ਆਓ ਮਨੁਖਤਾ ਦੇ ਦਰ ਤੇ ਖੜ ਕੇ ਹੋਕਰਾ ਮਾਰੀਏ, ਅਸੀਂ ਇਨਸਾਨ ਹਾਂ ! ਇਨਸਾਨ ਦੀ ਔਲਾਦ !

—ਗੁਰਮੇਲ ਸਿੰਘ ਭਰੋਵਾਲ

ਨੋਟ:—ਪ੍ਰੋ: ਭਾਰਦਵਾਜ ਦੇ ਲੇਖ ਬਾਰੇ ਹੋਰ ਟਿਪਣੀਆਂ ਜੋ ਲਖਬੀਰ ਸਿੰਘ, ਜਸਵੰਤ ਸਿੰਘ, ਮਹਿੰਦਰ ਮਟੂ ਅਤੇ ਸੁਰਜੀਤ ਦੀਂਡਸਾ ਵਲੋਂ ਮਿਲੀਆਂ ਹਨ । ਅਗਲੇ ਅੰਕ ਵਿਚ ਦਿਤੀਆਂ ਜਾਣਗੀਆਂ ।